Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 154 28/10/2025 www.samajweekly.com samajweekly @samajweekly samajweekly

# ਚੋਣ ਕਮਿਸ਼ਨ ਨੇ 12 ਸੂਬਿਆਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੋਟਰ ਸੂਚੀਆਂ ਦੇ ਦੂਜੇ ਪੜਾਅ ਦਾ ਐਲਾਨ ਕੀਤਾ

## ਵੋਟਰਾਂ ਦੀ ਗਿਣਤੀ 4 ਨਵੰਬਰ ਨੂੰ ਸ਼ੁਰੂ ਹੋਵੇਗੀ, ਖਰੜਾ 9 ਦਸੰਬਰ ਨੂੰ ਅਤੇ ਅੰਤਮ ਵੋਟਰ ਸੂਚੀਆਂ 7 ਫ਼ਰਵਰੀ ਨੂੰ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ

**ਨਵੀਂ ਦਿਲੀ।**

ਨਵੀਂ ਦਿੱਲੀ: ਚੋਣ ਕਮਿਸ਼ਨ 12 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ’ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ ਦਾ ਦੂਜਾ ਪੜਾਅ ਸ਼ੁਰੂ ਕਰੇਗਾ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਇਕ ਪ੍ਰੈੱਸ ਕਾਨਫ਼ਰੰਸ ਵਿਚ ਇਹ ਐਲਾਨ ਕੀਤਾ। ਇਹ ਅਭਿਆਸ ਅੰਡੇਮਾਨ ਅਤੇ ਨਿਕੋਬਾਰ ਟਾਪੂ, ਲਕਸ਼ਦੀਪ ਅਤੇ ਪੁਡੂਚੇਰੀ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ ਇਲਾਵਾ ਛੱਤੀਸਗੜ੍ਹ, ਗੋਆ, ਗੁਜਰਾਤ, ਕੇਰਲ, ਮੱਧ ਪ੍ਰਦੇਸ਼, ਰਾਜਸਥਾਨ, ਤਾਮਿਲਨਾਡੂ, ਉੱਤਰ ਪ੍ਰਦੇਸ਼ ਅਤੇ ਪਛਮੀ ਬੰਗਾਲ ਸੂਬਿਆਂ ਵਿਚ ਹੋਵੇਗਾ। ਇਨ੍ਹਾਂ ’ਚ ਤਾਮਿਲਨਾਡੂ, ਪੁਡੂਚੇਰੀ, ਕੇਰਲ ਅਤੇ ਪਛਮੀ ਬੰਗਾਲ ’ਚ 2026 ’ਚ ਚੋਣਾਂ ਹੋਣ ਵਾਲੀਆਂ ਹਨ। ਕੁਮਾਰ ਨੇ ਸਪੱਸ਼ਟ ਕੀਤਾ ਕਿ ਅਸਾਮ ’ਚ, ਜਿੱਥੇ 2026 ਵਿਚ ਚੋਣਾਂ ਹੋਣੀਆਂ ਹਨ, ਵੋਟਰ ਸੂਚੀਆਂ ਵਿਚ ਸੋਧ ਦਾ ਐਲਾਨ ਵੱਖਰੇ



ਤੌਰ ਉਤੇ ਕੀਤਾ ਜਾਵੇਗਾ। ਮੁੱਖ ਚੋਣ ਕਮਿਸ਼ਨਰ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਚੱਲ ਰਹੀ ਐਸ.ਆਈ.ਆਰ. ਇਸ ਤਰ੍ਹਾਂ ਦੀ ਨੌਵੀਂ ਕਵਾਇਦ ਹੈ, ਜੋ ਆਖਰੀ ਵਾਰ 2002-04 ਵਿਚ ਹੋਈ ਸੀ। ਉਨ੍ਹਾਂ ਨੇ ਇਸ ਗੱਲ ਉਤੇ ਚਾਨਣਾ ਪਾਇਆ ਕਿ ਐੱਸ.ਆਈ.ਆਰ. ਦਾ ਪਹਿਲਾ ਪੜਾਅ ਬਿਹਾਰ ਵਿਚ ਸਿਫ਼ਰ ਅਪੀਲ ਦੇ ਨਾਲ ਪੂਰਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਦੂਜਾ ਪੜਾਅ 12 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ’ਚ ਹੋਵੇਗਾ। ਕੁਮਾਰ ਨੇ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇਗਾ ਕਿ ਕੋਈ ਵੀ ਯੋਗ ਵੋਟਰ ਨਾ ਰਹਿ ਜਾਵੇ ਅਤੇ ਕੋਈ ਵੀ ਅਯੋਗ ਵੋਟਰ ਚੋਣ ਸੂਚੀਆਂ ਵਿਚ ਸ਼ਾਮਲ ਨਾ ਹੋਵੇ। ਉਨ੍ਹਾਂ ਕਿਹਾ ਕਿ ਐੱਸ.ਆਈ.ਆਰ. ਦੇ ਦੂਜੇ ਪੜਾਅ ’ਚ 51 ਕਰੋੜ ਵੋਟਰ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਵੋਟਰਾਂ ਦੀ ਗਿਣਤੀ 4 ਨਵੰਬਰ ਨੂੰ ਸ਼ੁਰੂ ਹੋਵੇਗੀ, ਜਦਕਿ ਖਰੜਾ 9 ਦਸੰਬਰ ਨੂੰ ਅਤੇ ਅੰਤਮ ਵੋਟਰ ਸੂਚੀਆਂ 7 ਫ਼ਰਵਰੀ ਨੂੰ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਬਿਹਾਰ ’ਚ ਵੋਟਰ ਸੂਚੀ ਦੀ ਸਫਾਈ ਦਾ ਕੰਮ ਪਹਿਲਾਂ ਹੀ ਪੂਰਾ ਹੋ ਚੁਕਾ ਹੈ, ਜਿਸ ’ਚ ਕਰੀਬ 7.42 ਕਰੋੜ ਵੋਟਰਾਂ ਦੀ ਅੰਤਿਮ ਸੂਚੀ 30 ਸਤੰਬਰ ਨੂੰ ਪ੍ਰਕਾਸ਼ਿਤ ਕੀਤੀ ਗਈ ਹੈ। ਸੂਬੇ ’ਚ 6 ਨਵੰਬਰ ਅਤੇ 11 ਨਵੰਬਰ ਨੂੰ ਦੋ ਪੜਾਵਾਂ ’ਚ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 14 ਨਵੰਬਰ ਨੂੰ ਹੋਵੇਗੀ।

# ਆਵਾਰਾ ਕੁੱਤਿਆ ਦਾ ਮਾਮਲਾ: ਸੁਪਰੀਮ ਕੋਰਟ ਨੇ ਸੂਬਿਆ ਦੇ ਮੁੱਖ ਸਕੱਤਰਾਂ ਨੂੰ ਕੀਤਾ ਤਲਬ



**ਨਵੀਂ ਦਿੱਲੀ।** ਅਵਾਰਾ ਕੁੱਤਿਆਂ ਦੇ ਮੁੱਦੇ 'ਤੇ ਸੁਣਵਾਈ ਕਰਦੇ ਹੋਏ, ਸੁਪਰੀਮ ਕੋਰਟ ਨੇ ਅੱਜ ਪੱਛਮੀ ਬੰਗਾਲ ਅਤੇ ਤੇਲੰਗਾਨਾ ਨੂੰ ਛੱਡ ਕੇ ਸਾਰੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਹਲਫ਼ਨਾਮਾ ਦਾਇਰ ਨਾ ਕਰਨ ਲਈ ਤਲਬ ਕੀਤਾ। ਸੁਪਰੀਮ ਕੋਰਟ ਨੇ ਨੋਟ ਕੀਤਾ ਕਿ ਸਿਰਫ਼ ਪੱਛਮੀ ਬੰਗਾਲ, ਤੇਲੰਗਾਨਾ ਅਤੇ ਦਿੱਲੀ ਨਗਰ ਨਿਗਮ ਨੇ ਹੀ ਪਾਲਣਾ ਹਲਫ਼ਨਾਮਾ ਦਾਇਰ ਕੀਤਾ ਹੈ। ਅਦਾਲਤ ਨੇ ਪੱਛਮੀ ਬੰਗਾਲ ਅਤੇ ਤੇਲੰਗਾਨਾ ਨੂੰ ਛੱਡ ਕੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ 3 ਨਵੰਬਰ ਨੂੰ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ।

**'ਦੂਜੇ ਦੇਸ਼ਾਂ ਵਿੱਚ ਅਕਸ ਖਰਾਬ ਹੋ ਰਿਹਾ ਹੈ'**

22 ਅਗਸਤ ਨੂੰ, ਅਦਾਲਤ ਨੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਪਾਲਣਾ ਹਲਫ਼ਨਾਮਾ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਸਨ। ਅੱਜ, ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐਨਵੀ ਅੰਜਾਰੀਆ ਦੀ ਬੈਂਚ ਨੇ ਨੋਟ ਕੀਤਾ ਕਿ ਸਿਰਫ਼ ਪੱਛਮੀ ਬੰਗਾਲ, ਤੇਲੰਗਾਨਾ ਅਤੇ ਦਿੱਲੀ ਨਗਰ ਨਿਗਮ ਨੇ ਹੀ ਪਾਲਣਾ ਹਲਫ਼ਨਾਮਾ ਦਾਇਰ ਕੀਤੇ ਹਨ।

# ਲੰਡਨ ’ਚ ਪੰਜਾਬੀ ਮੁਟਿਆਰ ਨਾਲ ਜਬਰ-ਜਨਾਹ, ਬਰਤਾਨਵੀ ਪੁਲੀਸ ਨੇ ਮੁਲਜ਼ਮ ਨੂੰ ਕੀਤਾ ਗ੍ਰਿਫ਼ਤਾਰ

**ਲੰਡਨ,** ਵੈਸਟ ਮਿਡਲੈਂਡਸ ਖ਼ਿੱਤੇ ’ਚ ਭਾਰਤੀ ਮੂਲ ਦੀ 20 ਵਰ੍ਹਿਆਂ ਦੀ ਮੁਟਿਆਰ ਨਾਲ ‘ਨਸਲ’ ਕਾਰਨ ਜਬਰ-ਜਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲੀਸ ਨੇ ਸ਼ਨਿਚਰਵਾਰ ਸ਼ਾਮ ਵਾਪਰੀ ਘਟਨਾ ਮਗਰੋਂ 32 ਵਰ੍ਹਿਆਂ ਦੇ ਮਸ਼ਕੂਕ ਨੂੰ ਪੈਰੀ ਬੱਰ ਇਲਾਕੇ ’ਚੋਂ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਨੇ ਕਿਹਾ ਕਿ ਉਨ੍ਹਾਂ ਨੂੰ ਵਾਲਸਾਲ ਦੇ ਪਾਰਕ ਹਿੱਲ ਇਲਾਕੇ ’ਚ ਇਕ ਮਹਿਲਾ ਦੇ ਮੁਸ਼ਕਲ ’ਚ ਹੋਣ ਦੀ ਜਾਣਕਾਰੀ ਮਿਲੀ ਸੀ। ਡਿਟੈਕਟਿਵ ਸੁਪਰਡੈਂਟ ਰੋਨਨ ਟਾਇਰਰ ਨੇ ਐਤਵਾਰ ਨੂੰ ਮਸ਼ਕੂਕ ਦੀ ਸੀਸੀਟੀਵੀ ਫੁਟੇਜ ਜਾਰੀ ਕਰਦਿਆਂ ਲੋਕਾਂ ਨੂੰ ਮੁਲਜ਼ਮ ਦੀ ਸੂਹ ਦੇਣ ਦੀ ਅਪੀਲ ਕੀਤੀ ਸੀ। ਟਾਇਰਰ ਨੇ ਕਿਹਾ ਕਿ ਮੁਟਿਆਰ ’ਤੇ ਬੇਹੱਦ ਭਿਆਨਕ ਹਮਲਾ ਸੀ। ਸਥਾਨਕ ਜਥੇਬੰਦੀਆਂ ਮੁਤਾਬਕ ਪੀੜਤਾ ਪੰਜਾਬੀ ਮੂਲ ਦੀ ਮਹਿਲਾ ਹੈ। ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ ਜਦੋਂ ਕੁਝ ਹਫ਼ਤੇ ਪਹਿਲਾਂ ਓਲਡਬਰੀ ਇਲਾਕੇ ’ਚ ਇਕ ਬਰਤਾਨਵੀ ਸਿੱਖ ਮਹਿਲਾ ਨਾਲ ਵੀ ਉਸ ਦੀ ‘ਨਸਲ’ ਕਾਰਨ ਜਬਰ-ਜਨਾਹ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ ਸੀ।



ਪੁਲੀਸ ਅਧਿਕਾਰੀ ਨੇ ਕਿਹਾ ਕਿ ਹਾਲੇ ਦੋਵੇਂ ਮਾਮਲਿਆਂ ਨੂੰ ਆਪਸ ’ਚ ਜੋੜ ਕੇ ਨਹੀਂ ਦੇਖਿਆ ਜਾ ਰਿਹਾ ਹੈ। ਵਾਲਸਾਲ ਪੁਲੀਸ ਦੇ ਚੀਫ਼ ਸੁਪਰਡੈਂਟ ਫਿਲ ਡੋਲਬੀ ਨੇ ਕਿਹਾ ਕਿ ਫਿਰਕੇ ’ਚ ਪੈਦਾ ਹੋਏ ਡਰ ਕਾਰਨ ਇਲਾਕੇ ’ਚ ਪੁਲੀਸ ਨਫ਼ਰੀ ਵਧਾਈ ਜਾਵੇਗੀ। ‘ਸਿੱਖ ਫੈਡਰੇਸ਼ਨ ਯੂਕੇ’ ਨੇ ਦੱਸਿਆ ਕਿ ਵਾਲਸਾਲ ਦੀ ਪੀੜਤਾ ਪੰਜਾਬੀ ਮੁਟਿਆਰ ਹੈ ਅਤੇ ਮੁਲਜ਼ਮ ਨੇ ਉਸ ਦੇ ਘਰ ਦਾ ਦਰਵਾਜ਼ਾ ਤੋੜ ਕੇ ਵਾਰਦਾਤ ਨੂੰ ਅੰਜਾਮ ਦਿੱਤਾ। ਬ੍ਰਿਟਿਸ਼ ਸਿੱਖ ਸੰਸਦ ਮੈਂਬਰਾਂ ਪ੍ਰੀਤ ਕੌਰ ਗਿੱਲ ਅਤੇ ਤਨਮਨਜੀਤ ਸਿੰਘ ਢੇਸੀ ਨੇ ਘਟਨਾਵਾਂ ’ਤੇ ਅਫ਼ਸੋਸ ਪ੍ਰਗਟ ਕਰਦਿਆਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਜਤਾਈ ਹੈ।

# ਵੱਡਾ ਫੇਰਬਦਲ: ਪੱਛਮੀ ਬੰਗਾਲ ਵਿੱਚ 527 ਅਧਿਕਾਰੀਆਂ ਦੇ ਤਬਾਦਲੇ

**ਕੋਲਕਾਤਾ।** ਪੱਛਮੀ ਬੰਗਾਲ ਸਰਕਾਰ ਨੇ ਅੱਜ ਸੂਬੇ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ (ਐਸ ਆਈ ਆਰ) ਤੋਂ ਪਹਿਲਾਂ ਹੀ 500 ਤੋਂ ਵੱਧ ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਹਨ। ਪਰਸੋਨਲ ਅਤੇ ਪ੍ਰਸ਼ਾਸਕੀ ਸੁਧਾਰ ਵਿਭਾਗ ਵਲੋਂ ਜਾਰੀ ਨੋਟੀਫਿਕੇਸ਼ਨਾਂ ਅਨੁਸਾਰ 67 ਆਈ ਏ ਐੱਸ ਅਤੇ 460 ਪੱਛਮੀ ਬੰਗਾਲ ਸਿਵਲ ਸੇਵਾਵਾਂ (ਕਾਰਜਕਾਰੀ) ਅਧਿਕਾਰੀਆਂ ਦਾ ਤਬਾਦਲਾ ਕੀਤਾ ਗਿਆ। ਇਨ੍ਹਾਂ ਤਬਾਦਲਿਆਂ ਦੇ ਨੋਟੀਫਿਕੇਸ਼ਨ ਵਿਚ 24 ਅਕਤੂਬਰ ਦੀ ਤਰੀਕ ਪਾਈ ਗਈ ਹੈ। ਸੂਤਰਾਂ ਅਨੁਸਾਰ ਇਹ ਤਬਾਦਲੇ ਚੋਣ ਕਮਿਸ਼ਨ ਵਲੋਂ ਐਸ ਆਈ ਆਰ ਦੇ ਐਲਾਨ ਦੇ ਮੱਦੇਨਜ਼ਰ ਕੀਤੇ ਗਏ ਹਨ। ਦੂਜੇ ਪਾਸੇ ਭਾਜਪਾ ਨੇ ਦੋਸ਼ ਲਗਾਇਆ ਕਿ ਇਹ ਤਬਾਦਲੇ ਮਮਤਾ ਬੈਨਰਜੀ ਸਰਕਾਰ ਵੱਲੋਂ ਆਉਣ



ਵਾਲੀ ਐਸ ਆਈ ਆਰ ਪ੍ਰਕਿਰਿਆ ਨੂੰ ਅਸਫਲ ਕਰਨ ਦੀ ਕੋਸ਼ਿਸ਼ ਵਜੋਂ ਕੀਤੇ ਗਏ ਹਨ ਪਰ ਸੱਤਾਧਾਰੀ ਟੀ ਐਮ ਸੀ ਨੇ ਇਸ ਨੂੰ ਆਮ ਵਾਂਗ ਕੀਤੇ ਤਬਾਦਲੇ ਕਿਹਾ ਹੈ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਪੱਛਮੀ ਬੰਗਾਲ ਸਮੇਤ 12 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਐਸ ਆਈ ਆਰ ਦਾ ਦੂਜਾ ਪੜਾਅ ਮੁਕੰਮਲ ਕਰਵਾਏਗਾ ਜਿੱਥੇ ਅਗਲੇ ਸਾਲ ਚੋਣਾਂ ਹੋਣੀਆਂ ਹਨ। ਇਹ ਅਭਿਆਸ 4 ਨਵੰਬਰ ਨੂੰ ਸ਼ੁਰੂ ਹੋਵੇਗਾ ਅਤੇ 4 ਦਸੰਬਰ ਤੱਕ ਜਾਰੀ ਰਹੇਗਾ। ਵੋਟਰ ਸੂਚੀਆਂ ਦਾ ਖਰੜਾ 9 ਦਸੰਬਰ ਨੂੰ ਜਾਰੀ ਕੀਤਾ ਜਾਵੇਗਾ ਅਤੇ ਅੰਤਿਮ ਸੂਚੀਆਂ 7 ਫਰਵਰੀ ਨੂੰ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਇਸ ਤੋਂ ਪਹਿਲਾਂ ਅੱਜ ਸ਼ਾਮ ਵੇਲੇ ਚੋਣ ਕਮਿਸ਼ਨ ਨੇ ਐਸ ਆਈ ਆਰ ਦੇ ਦੂਜੇ ਗੇੜ ਬਾਰੇ ਜਾਣਕਾਰੀ ਦਿੱਤੀ ਸੀ।


# ਜੰਮੂ: ਸਰਹੱਦ 'ਤੇ BSF ਨੇ 2 ਕਿਲੋਗ੍ਰਾਮ ਨਸ਼ੀਲੇ ਪਦਾਰਥ ਕੀਤੇ ਬਰਾਮਦ

**ਜੰਮੂ।** ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਨੇ ਸੋਮਵਾਰ ਨੂੰ ਇੱਥੇ ਅੰਤਰਰਾਸ਼ਟਰੀ ਸਰਹੱਦ 'ਤੇ ਨਸ਼ੀਲੇ ਪਦਾਰਥਾਂ ਦੇ ਦੋ ਪੈਕੇਟ ਜ਼ਬਤ ਕੀਤੇ। ਅਧਿਕਾਰੀਆਂ ਨੇ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ, ਜੋ ਕਿ 2 ਕਿਲੋਗ੍ਰਾਮ ਤੋਂ ਵੱਧ ਮੰਨੀ ਜਾਂਦੀ ਹੈ।ਉਨ੍ਹਾਂ ਨੇ ਕਿਹਾ ਹੈ ਕਿ ਸਰਹੱਦ ਪਾਰ ਤਸਕਰਾਂ ਦੁਆਰਾ ਇਸਨੂੰ ਇਸ ਪਾਸੇ ਲਿਜਾਣ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ।ਉਨ੍ਹਾਂ ਕਿਹਾ ਕਿ ਇਹ ਬਰਾਮਦਗੀ ਆਰ.ਐਸ. ਪੁਰਾ ਸੈਕਟਰ ਦੇ ਇੱਕ ਅਗਾਂਹਵਧੂ ਪਿੰਡ ਤੋਂ ਕੀਤੀ ਗਈ ਹੈ। ਖੇਤਰ ਵਿੱਚ ਕਾਰਵਾਈ ਜਾਰੀ ਹੈ ਅਤੇ ਹੋਰ ਵੇਰਵਿਆਂ ਦੀ ਉਡੀਕ ਹੈ।



# ਅਣਜਾਣੇ ਵਿੱਚ ਹੋਇਆ ਹੈ ਮੈਂ ਮੁਆਫ਼ੀ ਮੰਗਦੀ ਹਾਂ: ਕੰਗਨਾ ਰਣੌਤ

**ਬਠਿੰਡਾ।** ਕਿਸਾਨੀ ਸੰਘਰਸ਼ ਦੌਰਾਨ ਬਜ਼ੁਰਗ ਔਰਤ ਮਹਿੰਦਰ ਕੌਰ ਖਿਲਾਫ਼ ਟਿੱਪਣੀ ਕਰਨ ਦੇ ਮਾਮਲੇ ’ਚ ਅਦਾਕਾਰਾ ਕੰਗਣਾ ਰਣੌਤ ਅੱਜ ਬਠਿੰਡਾ ਅਦਾਲਤ ’ਚ ਪੇਸ਼ ਹੋਈ। ਕੰਗਣਾ ਰਣੌਤ ਨੇ ਜਨਤਕ ਤੌਰ ’ਤੇ ਬੇਬੇ ਮਹਿੰਦਰ ਕੌਰ ਤੋਂ ਮੁਆਫ਼ੀ ਮੰਗੀ ਹੈ। ਕੰਗਣਾ ਨੇ ਕਿਹਾ ਕਿ ਜੇਕਰ ਮੇਰੀ ਗੱਲ ਨਾਲ ਕਿਸੇ ਨੂੰ ਦੁੱਖ ਪਹੁੰਚਿਆ ਹੋਵੇ ਤਾਂ ਮੈਂ ਦਿਲੋਂ ਮੁਆਫ਼ੀ ਮੰਗਦੀ ਹਾਂ। ਅਦਾਲਤ ’ਚ ਪੇਸ਼ ਹੋਣ ਤੋਂ ਬਾਅਦ ਕੰਗਣਾ ਰਣੌਤ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਇਸ ਸਾਰੇ ਮਾਮਲੇ ’ਚ ਇੱਕ ਵੱਡੀ ਗਲਤ ਫਹਿਮੀ ਹੋਈ ਹੈ। ਉਸ ਨੇ ਕਿਹਾ ਕਿ ਮੈਂ ਮਾਤਾ (ਬਜ਼ੁਰਗ ਕਿਸਾਨ ਔਰਤ) ਨੂੰ ਸੁਨੇਹਾ ਦਿੱਤਾ ਹੈ ਕਿ ਉਹ ਗਲਤ ਫਹਿਮੀ ਦਾ ਸ਼ਿਕਾਰ ਹੋਈਆਂ ਹਨ। ਮੈਂ ਆਪਣੇ ਸੁਫ਼ਨੇ ’ਚ ਵੀ ਕਿਸੇ ਦਾ ਅਪਮਾਨ ਕਰਨ ਬਾਰੇ ਨਹੀਂ ਸੋਚ ਸਕਦੀ। ਮਾਂ ਚਾਹੇ ਹਿਮਾਚਲ ਦੀ ਹੋਵੇ ਜਾਂ ਪੰਜਾਬ ਦੀ, ਮੇਰੇ ਲਈ ਆਦਰਯੋਗ ਹੈ। ਸਭ ਮੈਨੂੰ ਪਿਆਰ ਕਰਦੇ ਹਨ।




ਕੰਗਣਾ ਨੇ ਦੱਸਿਆ ਕਿ ਜਿਸ ਟਵੀਟ ਨੂੰ ਲੈ ਕੇ ਵਿਵਾਦ ਹੋਇਆ, ਉਹ ਉਸਦਾ ਅਸਲੀ ਟਵੀਟ ਨਹੀਂ ਸੀ, ਸਗੋਂ ਕਿਸੇ ਵਕੀਲ ਦੀ ਪੋਸਟ ਨੂੰ ਰੀਟਵੀਟ ਕੀਤਾ ਗਿਆ ਸੀ। ਉਸ ਨੇ ਕਿਹਾ ਕਿ ਉਸ ਸਮੇਂ ਦੇਸ਼ ’ਚ ਕਈ ਅੰਦੋਲਨ ਚੱਲ ਰਹੇ ਸਨ ਅਤੇ ਉਸ ਨੇ ਸਿਰਫ਼ ਇੱਕ ਆਮ ਟਵੀਟ ਕੀਤਾ ਸੀ। ਕੰਗਣਾ ਨੇ ਕਿਹਾ ਕਿ ਜੇ ਕੇਸ ਨੂੰ ਦੇਖਿਆ ਜਾਵੇ ਤਾਂ ਇਸਦਾ ਮੇਰੇ ਨਾਲ ਸਿੱਧਾ ਕੋਈ ਲੈਣਾ-ਦੇਣਾ ਨਹੀਂ ਸੀ। ਜੋ ਗਲਤ ਫਹਿਮੀ ਹੋਈ, ਉਸ ਲਈ ਮੈਨੂੰ ਅਫ਼ਸੋਸ ਹੈ। ਮੇਰਾ ਕਿਸੇ ਦਾ ਦਿਲ ਦੁਖਾਉਣ ਦਾ ਇਰਾਦਾ ਨਹੀਂ ਸੀ।

ਦੱਸਣਯੋਗ ਹੈ ਕਿ ਕੰਗਣਾ ਰਣੌਤ ਨੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਟਵੀਟ ਕੀਤਾ ਸੀ ਕਿ ਔਰਤਾਂ 100 ਰੁਪਏ ਲੈ ਕੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ’ਚ ਸ਼ਾਮਲ ਹੁੰਦੀਆਂ ਹਨ। ਕੰਗਣਾ ਨੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਬਾਰੇ ਇਕ ਪੋਸਟ ’ਤੇ ਟਿੱਪਣੀ ਵੀ ਕੀਤੀ, ਇਸ ’ਚ ਇਕ ਬਜ਼ੁਰਗ ਔਰਤ ਦੀ ਫੋਟੋ ਸੀ। ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਸ ਵਿਭਾਗ ਨੇ ਕੰਗਣਾ ਰਣੌਤ ਦੀ ਪੇਸ਼ੀ ਦੌਰਾਨ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ। ਅਦਾਲਤ ਦੇ ਅਹਾਤੇ ਦੇ ਸਾਰੇ ਪ੍ਰਵੇਸ਼ ਦੁਆਰ ’ਤੇ ਪੁਲਸ ਕਰਮਚਾਰੀ ਤਾਇਨਾਤ ਕੀਤੇ ਗਏ ਸਨ ਅਤੇ ਆਉਣ ਵਾਲਿਆਂ ਦੀ ਸਖ਼ਤ ਜਾਂਚ ਕੀਤੀ ਜਾ ਰਹੀ ਸੀ। ਪੁਲਸ ਅਧਿਕਾਰੀਆਂ ਦਾ ਕਹਿਣਾ ਸੀ ਕਿ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪੂਰੀਆਂ ਤਿਆਰੀਆਂ ਕੀਤੀਆਂ ਗਈਆਂ ਹਨ ਅਤੇ ਪੁਲਸ ਕਿਸੇ ਵੀ ਗੜਬੜ ਜਾਂ ਵਿਰੋਧ ਪ੍ਰਦਰਸ਼ਨ ਨਾਲ ਨਜਿੱਠਣ ਲਈ ਅਲਰਟ ’ਤੇ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਚੀਫ਼ ਜਸਟਿਸ ਬੀ.ਆਰ. ਗਵਈ ਨੇ ਕੇਂਦਰੀ ਕਾਨੂੰਨ ਮੰਤਰਾਲੇ ਨੂੰ ਜਸਟਿਸ ਸੂਰਿਆ ਕਾਂਤ ਨੂੰ ਅਗਲਾ ਸੀਜੇਆਈ ਵਜੋਂ ਨਿਯੁਕਤ ਕਰਨ ਦੀ ਕੀਤੀ ਸਿਫ਼ਾਰਸ਼



**ਨਵੀਂ ਦਿੱਲੀ ।** ਚੀਫ਼ ਜਸਟਿਸ ਬੀ.ਆਰ. ਗਵਈ ਨੇ ਕੇਂਦਰ ਸਰਕਾਰ ਨੂੰ ਜਸਟਿਸ ਸੂਰਿਆ ਕਾਂਤ ਨੂੰ ਅਗਲੇ ਚੀਫ਼ ਜਸਟਿਸ ਵਜੋਂ ਨਿਯੁਕਤ ਕਰਨ ਦੀ ਸਿਫਾਰਸ਼ ਕੀਤੀ ਹੈ। ਮੌਜੂਦਾ ਚੀਫ਼ ਜਸਟਿਸ ਤੋਂ ਬਾਅਦ ਸੁਪਰੀਮ ਕੋਰਟ ਦੇ ਦੂਜੇ ਸਭ ਤੋਂ ਸੀਨੀਅਰ ਜੱਜ ਜਸਟਿਸ ਸੂਰਿਆ ਕਾਂਤ ਦੇ 24 ਨਵੰਬਰ ਨੂੰ ਦੇਸ਼ ਦੇ 53ਵੇਂ ਚੀਫ਼ ਜਸਟਿਸ ਵਜੋਂ ਅਹੁਦਾ ਸੰਭਾਲਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਚੀਫ਼ ਜਸਟਿਸ ਗਵਈ 23 ਨਵੰਬਰ ਨੂੰ ਸੇਵਾਮੁਕਤ ਹੋਣਗੇ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇਸ ਸਾਲ 14 ਮਈ ਨੂੰ ਚੀਫ਼ ਜਸਟਿਸ ਵਜੋਂ ਸਹੁੰ ਚੁੱਕਣ ਵਾਲੇ ਜਸਟਿਸ ਗਵਈ ਨੇ ਅਗਲੇ ਚੀਫ਼ ਜਸਟਿਸ ਵਜੋਂ ਕੇਂਦਰੀ ਕਾਨੂੰਨ ਮੰਤਰਾਲੇ ਨੂੰ ਜਸਟਿਸ ਸੂਰਿਆ ਕਾਂਤ ਦੇ ਨਾਮ ਦੀ ਸਿਫਾਰਸ਼ ਕੀਤੀ ਹੈ। ਜਸਟਿਸ ਸੂਰਿਆ ਕਾਂਤ ਜਿਨ੍ਹਾਂ ਨੂੰ 24 ਮਈ, 2019 ਨੂੰ ਸੁਪਰੀਮ ਕੋਰਟ ਦੇ ਜੱਜ ਵਜੋਂ ਤਰੱਕੀ ਦਿੱਤੀ ਗਈ ਸੀ, ਦਾ ਚੀਫ਼ ਜਸਟਿਸ ਵਜੋਂ ਇੱਕ ਸਾਲ ਅਤੇ ਦੋ ਮਹੀਨਿਆਂ ਤੋਂ ਵੱਧ ਦਾ ਕਾਰਜਕਾਲ ਹੋਵੇਗਾ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਰਾਜਵੀਰ ਜਵੰਦਾ ਮਾਮਲਾ: ਹਾਈ ਕੋਰਟ ਵੱਲੋਂ ਤਿੰਨ ਸੂਬਾ ਸਰਕਾਰਾਂ ਤੇ ਕੇਂਦਰ ਨੂੰ ਨੋਟਿਸ



**ਚੰਡੀਗੜ੍ਹ।** ਪੰਜਾਬੀ ਗਾਇਕ ਰਾਜਵੀਰ ਜਵੰਦਾ ਦੀ ਮੌਤ ਦੇ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਸੀ ਕਿ ਸਹੀ ਸਮੇਂ 'ਤੇ ਇਲਾਜ ਨਾ ਮਿਲਣ ਕਾਰਨ ਗਾਇਕ ਦੀ ਮੌਤ ਹੋਈ ਸੀ। ਇਸ ਮਾਮਲੇ ਵਿਚ ਅੱਜ ਅਦਾਲਤ ਵਿਚ ਸੁਣਵਾਈ ਹੋਈ। ਅਦਾਲਤ ਨੇ ਇਸ ਮਾਮਲੇ ਵਿਚ ਕੇਂਦਰ ਸਰਕਾਰ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਕੌਮੀ ਮੈਡੀਕਲ ਕਮਿਸ਼ਨ ਨੂੰ ਨੋਟਿਸ ਜਾਰੀ ਕਰ ਕੇ ਹਾਦਸੇ ਤੋਂ ਲੈ ਕੇ ਇਲਾਜ ਮੁਹੱਈਆ ਕਰਵਾਉਣ ਬਾਰੇ ਜਾਣਕਾਰੀ ਮੰਗੀ ਹੈ। ਇਸ ਸਬੰਧੀ ਪਟੀਸ਼ਨ ਦਾਇਰ ਕਰ ਕੇ ਮੰਗ ਕੀਤੀ ਗਈ ਸੀ ਕਿ ਸਹੀ ਸਮੇਂ 'ਤੇ ਸਹੀ ਇਲਾਜ ਨਾ ਮਿਲਣ ਕਾਰਨ ਰਾਜਵੀਰ ਦੀ ਮੌਤ ਹੋਈ ਹੈ। ਰਾਜਵੀਰ ਜਵੰਦਾ 27 ਸਤੰਬਰ ਨੂੰ ਬੱਦੀ ਨੇੜੇ ਹੋਏ ਸੜਕ ਹਾਦਸੇ ਵਿਚ ਗੰਭੀਰ ਜ਼ਖ਼ਮੀ ਹੋ ਗਿਆ ਸੀ ਤੇ ਉਹ 11 ਦਿਨ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜਦਾ ਰਿਹਾ ਸੀ।

# 'ਐੱਸ ਆਈ ਆਰ' ਚੋਣ ਕਮਿਸ਼ਨ ਦਾ ਭਾਜਪਾ ਲਈ ਚੋਣਾਂ ਤੋਂ ਪਹਿਲਾਂ ਦਾ ਹੋਮਵਰਕ ਹੈ: ਵੜਿੰਗ



**ਚੰਡੀਗੜ੍ਹ।** ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਵਿੱਚ ਵੋਟਰ ਸੂਚੀਆਂ ਦੇ ਆਉਣ ਵਾਲੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਸ੍ਰੀ) ਵਿਰੁੱਧ ਚੇਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਸਲ ਵਿਚ ਐੱਸ ਆਈ ਆਰ ਕੁੱਝ ਵੀ ਨਹੀਂ, ਸਗੋਂ ਚੋਣ ਕਮਿਸ਼ਨ ਵੱਲੋਂ ਹੁਣ ਭਾਜਪਾ ਲਈ ਵੱਖ-ਵੱਖ ਸੂਬਿਆਂ ਦੀਆਂ ਚੋਣਾਂ ਤੋਂ ਪਹਿਲਾਂ ਕੀਤਾ ਜਾਣ ਵਾਲਾ ਹੋਮਵਰਕ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਚੋਣ ਕਮਿਸ਼ਨ ਨੇ ਆਪਣੇ ਮੌਜੂਦਾ ਪੜਾਅ ਵਿੱਚ ਚੋਣਾਂ ਵਾਲੇ ਸੂਬਿਆਂ ਲਈ ਪਹਿਲਾਂ ਹੀ ਐੱਸ ਆਈ ਆਰ ਦਾ ਐਲਾਨ ਕਰ ਦਿੱਤਾ ਹੈ ਅਤੇ ਪੰਜਾਬ ਯਕੀਨੀ ਤੌਰ 'ਤੇ ਅਗਲੀ ਕਤਾਰ ਵਿੱਚ ਹੋਵੇਗਾ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਦੋਸ਼ ਲਗਾਇਆ ਕਿ ਇਹ ਭਾਜਪਾ ਲਈ ਚੋਣ ਕਮਿਸ਼ਨ ਵੱਲੋਂ ਵੋਟਾਂ ਚੋਰੀ ਕਰਨ ਦਾ ਇੱਕ ਸੰਗਠਿਤ ਤਰੀਕਾ ਹੈ। ਉਨ੍ਹਾਂ ਕਿਹਾ ਕਿ ਐਸ ਆਈ ਆਰ ਰਾਹੀਂ ਚੋਣ ਕਮਿਸ਼ਨ ਨਾ ਸਿਰਫ਼ ਵੋਟਰਾਂ ਦਾ ਡਾਟਾ ਇਕੱਠਾ ਕਰਦਾ ਹੈ, ਸਗੋਂ ਇਸ ਪ੍ਰਕਿਰਿਆ ਵਿੱਚ ਦਲਿਤਾਂ, ਪੱਛੜੇ ਵਰਗਾਂ ਅਤੇ ਘੱਟ ਗਿਣਤੀਆਂ ਵਰਗੇ ਉਨ੍ਹਾਂ ਸਾਰੇ ਵੋਟਰਾਂ ਨੂੰ ਵੀ ਵੋਟ ਪਾਉਣ ਤੋਂ ਵਾਂਝਾ ਕਰਦਾ ਹੈ, ਜਿਨ੍ਹਾਂ 'ਤੇ ਭਾਜਪਾ ਨੂੰ ਸ਼ੱਕ ਹੈ ਕਿ ਉਹ ਉਸਨੂੰ ਵੋਟ ਨਹੀਂ ਦੇ ਰਹੇ ਹਨ। ਉਨ੍ਹਾਂ ਨੇ ਖਦਸ਼ਾ ਪ੍ਰਗਟ ਕੀਤਾ ਕਿ ਭਾਜਪਾ ਪੰਜਾਬ ਵਿੱਚ ਵੀ ਭਾਰਤੀ ਚੋਣ ਕਮਿਸ਼ਨ ਦੀ ਵਰਤੋਂ ਕਰਕੇ ਉਹੀ ਰਣਨੀਤੀ ਦੁਹਰਾਏਗੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਅਜਿਹਾ ਨਾ ਹੋਣ ਤੇ ਭਾਜਪਾ ਦਾ ਪੰਜਾਬ ਵਿੱਚ ਇੱਕ ਵੀ ਵਿਧਾਨ ਸਭਾ ਹਲਕੇ ਦੇ ਬਰਾਬਰ ਵੀ ਕੋਈ ਮਹੱਤਵਪੂਰਨ ਅਧਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਚੋਣ ਕਮਿਸ਼ਨ ਨੂੰ ਪੰਜਾਬ ਵਿੱਚ ਭਾਜਪਾ ਲਈ ਕੰਮ ਨਹੀਂ ਕਰਨ ਦੇਵੇਗੀ।

# ਸੰਗਰੂਰ ਦੀ ਅਮਨਪ੍ਰੀਤ ਸੈਣੀ ਦਾ ਕੈਨੇਡਾ 'ਚ ਕਤਲ

**ਸੰਗਰੂਰ।** ਜ਼ਿਲ੍ਹਾ ਸੰਗਰੂਰ ਦੀ ਅਮਨਪ੍ਰੀਤ ਕੌਰ ਸੈਣੀ (27) ਦਾ ਕੈਨੇਡਾ ਵਿੱਚ ਕਤਲ ਹੋ ਗਿਆ ਹੈ ਤੇ ਉਸ ਦੀ ਲਾਸ਼ ਨਿਆਗਰਾ ਨੇੜਲੇ ਲਿੰਕਨ ਸ਼ਹਿਰ ਦੇ ਪਾਰਕ ਵਿੱਚੋਂ ਮਿਲੀ ਹੈ। ਸ਼ਹਿਰ ਦੀ ਪ੍ਰੇਮ ਬਸਤੀ ਦੀ ਗਲੀ ਨੰਬਰ 6 ਦੇ ਵਸਨੀਕ ਇੰਦਰਜੀਤ ਸਿੰਘ (ਸਾਬਕਾ ਮੁਲਾਜ਼ਮ ਵੇਰਕਾ ਮਿਲਕ ਪਲਾਂਟ ਸੰਗਰੂਰ) ਨੇ ਦੱਸਿਆ ਕਿ ਉਸ ਦੀ ਧੀ ਅਮਨਪ੍ਰੀਤ ਕੌਰ ਸੈਣੀ ਸਾਲ 2021 ਵਿੱਚ ਸਟੱਡੀ ਵੀਜ਼ਾ 'ਤੇ ਕੈਨੇਡਾ ਗਈ ਸੀ। ਉਹ ਟੋਰਾਂਟੋ ਵਿੱਚ ਰਹਿੰਦੀ ਸੀ ਅਤੇ ਹਸਪਤਾਲ ਵਿੱਚ ਡਿਊਟੀ ਕਰਦੀ ਸੀ। ਉਹ 20 ਅਕਤੂਬਰ ਨੂੰ ਸਵੇਰੇ ਕਰੀਬ ਸਾਢੇ ਛੇ ਵਜੇ ਘਰ ਤੋਂ ਡਿਊਟੀ ਲਈ ਗਈ ਸੀ ਪਰ ਉਸ ਦਾ ਮੋਬਾਈਲ ਬੰਦ ਆ ਰਿਹਾ ਸੀ। ਉਨ੍ਹਾਂ ਦੱਸਿਆ ਕਿ ਕੈਨੇਡਾ ਵਿੱਚ ਰਹਿੰਦੀ ਉਸ ਦੀ ਵੱਡੀ ਲੜਕੀ ਨੇ ਅਮਨਪ੍ਰੀਤ ਕੌਰ ਬਾਰੇ ਪਤਾ ਕੀਤਾ ਤਾਂ ਜਾਣਕਾਰੀ ਮਿਲੀ ਕਿ ਉਹ ਡਿਊਟੀ 'ਤੇ ਨਹੀਂ ਪੁੱਜੀ। ਫਿਰ ਉਸ ਨੇ ਪੁਲੀਸ ਕੋਲ ਆਪਣੀ ਭੈਣ ਦੇ ਲਾਪਤਾ ਹੋਣ ਬਾਰੇ ਰਿਪੋਰਟ ਦਰਜ ਕਰਵਾਈ। ਉਨ੍ਹਾਂ ਦੱਸਿਆ ਕਿ ਦੋ ਦਿਨ ਬਾਅਦ ਪੁਲੀਸ ਨੂੰ ਅਮਨਪ੍ਰੀਤ ਕੌਰ ਦੀ ਲਾਸ਼ ਨਿਆਗਰਾ ਇਲਾਕੇ 'ਚ ਲਿੰਕਨ ਸ਼ਹਿਰ ਦੇ ਪਾਰਕ ਵਿੱਚੋਂ ਮਿਲੀ ਜਿਸ ਦਾ ਬੇਰਹਿਮੀ ਨਾਲ ਕਤਲ ਹੋਣ ਬਾਰੇ ਪਤਾ ਲੱਗਾ ਹੈ। ਉਨ੍ਹਾਂ ਦੱਸਿਆ ਕਿ ਅਮਨਪ੍ਰੀਤ ਕੌਰ ਨੇ ਪੀ ਆਰ ਲਈ ਅਪਲਾਈ ਕੀਤਾ ਹੋਇਆ ਸੀ ਜੋ ਉਸ ਨੂੰ ਜਲਦ ਹੀ ਮਿਲਣ ਵਾਲੀ ਸੀ। ਉਸ ਨੇ ਪੀ ਆਰ ਮਿਲਣ ਤੋਂ ਬਾਅਦ ਭਾਰਤ ਆਉਣਾ ਸੀ। ਉਨ੍ਹਾਂ ਦੱਸਿਆ ਕਿ ਉਸ ਦੀ ਵੱਡੀ ਧੀ ਵੀ ਇਸ ਘਟਨਾ ਕਾਰਨ ਡੂੰਘੇ ਸਦਮੇ ਵਿੱਚ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਵੱਡੀ ਧੀ ਨਾਲ ਹੀ ਸੰਪਰਕ ਹੋ ਰਿਹਾ ਹੈ ਜਿਸ ਅਨੁਸਾਰ ਕੈਨੇਡਾ ਪੁਲੀਸ ਘਟਨਾ ਦੀ ਜਾਂਚ ਕਰ ਰਹੀ ਹੈ। ਕਤਲ ਦੀ ਘਟਨਾ ਨੂੰ ਅੰਜਾਮ ਦੇਣ ਵਾਲਾ ਸ਼ੱਕੀ ਮਨਪ੍ਰੀਤ ਸਿੰਘ ਦੱਸਿਆ ਜਾ ਰਿਹਾ ਹੈ ਜੋ ਘਟਨਾ ਤੋਂ ਬਾਅਦ ਫ਼ਰਾਰ ਹੈ। ਪਰਿਵਾਰ 'ਚ ਮ੍ਰਿਤਕਾ ਦੇ ਮਾਤਾ-ਪਿਤਾ ਤੋਂ ਇਲਾਵਾ ਕੈਨੇਡਾ ਵਾਸੀ ਵੱਡੀ ਭੈਣ ਅਤੇ ਛੋਟਾ ਭਰਾ ਹੈ। ਮ੍ਰਿਤਕਾ ਦੇ ਪਿਤਾ ਇੰਦਰਜੀਤ ਸਿੰਘ ਨੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਸ ਦੀ ਧੀ ਦੀ ਲਾਸ਼ ਪੰਜਾਬ ਲਿਆਉਣ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਲਈ ਪਰਿਵਾਰ ਦੀ ਮਦਦ ਕੀਤੀ ਜਾਵੇ।



SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਵਿੱਚ ਵਿਦਿਆਰਥਣਾਂ ਨੇ ਇਮਾਨਦਾਰੀ ਦਾ ਸੰਕਲਪ ਲਿਆ

**ਕਪੂਰਥਲਾ, ( ਕੌੜਾ )** - ਬੇਬੇ ਨਾਨਕੀ ਯੂਨੀਵਰਸਿਟੀ ਕਾਲਜ (ਗਰਲਜ਼) ਫੱਤੂਢੀਂਗਾ ਵਿੱਚ ਇਮਾਨਦਾਰੀ ਹਫ਼ਤਾ ਦੇ ਸੰਦਰਭ ਵਿੱਚ ਵਿਸ਼ੇਸ਼ ਸਹੁੰ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਨੈਤਿਕਤਾ, ਸੱਚਾਈ, ਜ਼ਿੰਮੇਵਾਰੀ ਅਤੇ ਰਾਸ਼ਟਰੀ ਨਿਸ਼ਠਾ ਦੇ ਮੁੱਲਾਂ ਨੂੰ ਮਜ਼ਬੂਤ ਕਰਨਾ ਸੀ। ਇਸ ਸਮਾਰੋਹ ਦੀ ਅਗਵਾਈ ਐੱਨ.ਐੱਸ.ਐੱਸ. ਇੰਚਾਰਜ ਮੈਡਮ ਕੁਲਦੀਪ ਕੌਰ ਨੇ ਕੀਤੀ। ਸਮਾਰੋਹ ਦੌਰਾਨ ਵਿਦਿਆਰਥਣਾਂ ਨੇ ਇਕਸੁਰ ਵਿੱਚ ਇਮਾਨਦਾਰੀ ਦਾ ਸੰਕਲਪ ਪੜ੍ਹ ਕੇ ਇਹ ਵਚਨ ਦਿੱਤਾ ਕਿ ਉਹ ਜੀਵਨ ਦੇ ਹਰ ਖੇਤਰ ਵਿੱਚ ਸੱਚਾਈ, ਨਿਰਪੱਖਤਾ ਅਤੇ ਨੈਤਿਕ ਆਦਰਸ਼ਾਂ ‘ਤੇ ਟਿਕੇ ਰਹਿਣਗੀਆਂ।

ਉਨ੍ਹਾਂ ਨੇ ਇਹ ਭੀ ਵਚਨ ਕੀਤਾ ਕਿ ਉਹ ਕਿਸੇ ਵੀ ਕਿਸਮ ਦੀ ਭ੍ਰਿਸ਼ਟਾਚਾਰਕ ਕਿਰਿਆ ਵਿੱਚ ਹਿੱਸਾ ਨਹੀਂ ਲੈਣਗੀਆਂ ਅਤੇ ਨਾ ਹੀ ਕਿਸੇ ਹੋਰ ਨੂੰ ਉਸ ਲਈ ਪ੍ਰੇਰਿਤ ਕਰਨਗੀਆਂ।



ਕਾਲਜ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਖਹਿਰਾ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਮਾਨਦਾਰੀ ਅਤੇ ਨੈਤਿਕਤਾ ਜੀਵਨ ਦੇ ਅਸਲ ਗਹਿਣੇ ਹਨ। ਉਨ੍ਹਾਂ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਦੇ ਆਦਰਸ਼ਕ ਚਾਲ-ਚਲਨ ਨਾਲ ਹੀ ਭ੍ਰਿਸ਼ਟਾਚਾਰ ਰਹਿਤ ਸਮਾਜ ਦਾ ਨਿਰਮਾਣ ਹੋ ਸਕਦਾ ਹੈ। ਡਾ. ਖਹਿਰਾ ਨੇ ਵਿਦਿਆਰਥਣਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਸੱਚਾਈ ਦੇ ਰਸਤੇ ‘ਤੇ ਚੱਲ ਕੇ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ। ਐੱਨ.ਐੱਸ.ਐੱਸ. ਯੂਨਿਟ ਦੀ ਇੰਚਾਰਜ ਮੈਡਮ ਕੁਲਦੀਪ ਕੌਰ ਨੇ ਕਿਹਾ ਕਿ ਇਸ ਤਰ੍ਹਾਂ ਦੇ ਸੰਕਲਪ ਸਮਾਰੋਹ ਵਿਦਿਆਰਥੀਆਂ ਨੂੰ ਜੀਵਨ ਦੇ ਹਰ ਖੇਤਰ ਵਿੱਚ ਜ਼ਿੰਮੇਵਾਰ ਨਾਗਰਿਕ ਬਣਨ ਲਈ ਪ੍ਰੇਰਿਤ ਕਰਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਹਮੇਸ਼ਾ ਸੱਚਾਈ, ਇਮਾਨਦਾਰੀ ਅਤੇ ਸੇਵਾ ਭਾਵਨਾ ਨਾਲ ਕੰਮ ਕਰਨ। ਇਸ ਮੌਕੇ ਕਾਲਜ ਦੇ ਸਟਾਫ ਮੈਂਬਰਾਂ ਅਤੇ ਵਿਦਿਆਰਥਣਾਂ ਨੇ ਵੀ ਆਪਣੀ ਹਾਜ਼ਰੀ ਦਰਜ ਕਰਵਾਈ ਅਤੇ ਇਮਾਨਦਾਰੀ ਦੇ ਮੁੱਲਾਂ ਨੂੰ ਅਪਣਾਉਣ ਦਾ ਵਚਨ ਦਿੱਤਾ। ਸਮਾਰੋਹ ਦਾ ਸਮਾਪਨ ਰਾਸ਼ਟਰੀ ਏਕਤਾ ਅਤੇ ਸਚਾਈ ਦੀ ਪ੍ਰੇਰਕ ਪੁਕਾਰ ਨਾਲ ਕੀਤਾ ਗਿਆ।

# ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਦੰਦੂਪੁਰ ਦੇ ਵਿਦਿਆਰਥੀਆਂ ਨੇ ਚੰਡੀਗੜ੍ਹ ਦਾ ਵਿੱਦਿਅਕ ਟੂਰ ਲਗਾਇਆ

**ਕਪੂਰਥਲਾ ( ਵਿਸ਼ੇਸ਼ ਪ੍ਰਤੀਨਿਧ)-** ਹਰ ਸਾਲ ਦੀ ਤਰ੍ਹਾਂ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਦੰਦੂਪੁਰ ਦੇ ਵਿਦਿਆਰਥੀਆਂ ਵਿੱਦਿਅਕ ਟੂਰ ਮੁੱਖ ਅਧਿਆਪਕ ਸੁਖਵਿੰਦਰ ਸਿੰਘ ਦੀ ਅਗਵਾਈ ਵਿੱਚ ਲਗਾਇਆ ਗਿਆ।ਇਹ ਵਿੱਦਿਅਕ ਟੂਰ ਚੰਡੀਗੜ੍ਹ ਵਿੱਚ ਲਗਾਇਆ ਗਿਆ। ਜਿਸ ਦੌਰਾਨ ਰਜਵਿੰਦਰ ਕੌਰ ,ਮਨਜਿੰਦਰ ਸਿੰਘ,ਪਵਨਦੀਪ ਕੌਰ ,ਆਦਿ ਅਧਿਆਪਕਾਂ ਦੀ ਦੇਖਰੇਖ ਵਿੱਚ ਚੰਡੀਗੜ੍ਹ ਦੀਆਂ ਵੱਖ ਵੱਖ ਜਗ੍ਹਾ ਜਿਹਨਾਂ ਵਿੱਚ ਛੱਤਬੀੜ ਚਿੜੀਆਘਰ,ਰੌਕ ਗਾਰਡਨ ,ਸੁਖਨਾ ਝੀਲ ਵੇਖ ਕੇ ਉਹਨਾਂ ਸੰਬੰਧੀ ਜਾਣਕਾਰੀ ਹਾਸਲ ਕੀਤੀ ਤੇ ਸੁਖਨਾ ਝੀਲ ਵਿੱਚ ਕਿਸ਼ਤੀਆਂ ਦੇ ਝੂਟਿਆਂ ਦਾ ਆਨੰਦ ਮਾਣਿਆ । ਇਸ ਵਿਦਿਅਕ ਟੂਰ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਮੁੱਖੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਇਸ ਟੂਰ ਸਕੂਲ ਦੇ ਕੁੱਲ 25 ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਟੂਰ ਦੌਰਾਨ ਰੌਚਕ ਭਰਪੂਰ ਜਾਣਕਾਰੀ ਹਾਸਲ ਕੀਤੀ।ਇਸ ਟੂਰ ਨੂੰ ਸਫ਼ਲ ਬਣਾਉਣ ਲਈ ਬਲਵਿੰਦਰ ਕੌਰ ਆਗਨਵਾੜੀ ਵਰਕਰ , ਰਜਵੰਤ ਕੌਰ ਆਗਨਵਾੜੀ ਹੈਲਪਰ ,ਜਸਵੀਰ ਕੌਰ ਕੁੱਕ ਆਦਿ ਨੇ ਅਹਿਮ ਭੂਮਿਕਾ ਨਿਭਾਈ।



# ਸੀਂਹਮਾਰ ਸਤੀਆ ਤੇ ਸਲਾਨਾ ਮੇਲਾ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ: ਦਵਿੰਦਰ ਸੀਂਹਮਾਰ

**ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ )** ਦਰਬਾਰ ਸਤੀ ਮਾਤਾ ਗੋਤਰ ਸੀਂਹਮਾਰ ਦਾ 40ਵਾਂ ਸਲਾਨਾ ਮੇਲਾ ਪ੍ਰਬੰਧਕ ਕਮੇਟੀ ਅਤੇ ਸਮੂਹ ਸ਼ੀਹਮਾਰ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਦੇ ਨਾਲ ਪਿੰਡ ਬੇਗਮਪੁਰ ਨਜ਼ਦੀਕ ਸੜੋਆ ਵਿਖੇ ਕਰਵਾਇਆ ਙ ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤਾ ਨੇ ਦਰਬਾਰ ਤੇ ਪਹੁੰਚ ਕੇ ਮੱਥਾ ਟੇਕਿਆ ਤੇ ਸਤੀਆ ਦਾ ਅਸ਼ੀਰਵਾਦ ਲਿਆ ਙ ਇਸ ਮੌਕੇ ਮਿਸ ਜੈਸਮੀਨ ਵਲੋਂ ਬਹੁਤ ਵਧੀਆ ਪ੍ਰੋਗਰਾਮ ਪੇਸ਼ ਕੀਤਾ ਗਿਆ ਙ ਇਸ ਮੌਕੇ ਤੇ ਸੰਗਤਾ ਦੇ ਲਈ ਅਟੁੱਟ ਲੰਗਰ ਵਰਤਾਇਆ ਗਿਆ ਙ ਇਸ ਮੌਕੇ ਦਵਿੰਦਰ ਸ਼ੀਹਮਾਰ-, ਪ੍ਰਧਾਨ ਮਲਕੀਤ ਰਾਮ ਸ਼ਾਹਮਾਰ ਹੈਪੋਵਾਲ, ਉਪ ਪ੍ਰਧਾਨ ਲਾਡੀ ਸ਼ੀਹਮਾਰ ਗੜਸ਼ੰਕਰ, ਜਨਰਲ ਸੈਕਟਰੀ ਪ੍ਰਿੰ ਉਕਾਰ ਸਿੰਘ ਸ਼ੀਹਮਾਰ - ਤੇ ਹੋਰ ਪਤਵੰਤੇ ਮੌਜੂਦ ਰਹੇ ।







# ਬਹੁਜਨ ਸਮਾਜ ਪਾਰਟੀ ਚੰਡੀਗੜ੍ਹ ਦੀ ਰਫ਼ਤਾਰ ਤੇਜ਼ ਕਰਨ ਲਈ ਮੀਟਿੰਗ ਹੋਈ



**ਚੰਡੀਗੜ੍ਹ (ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਵੱਲੋਂ ਅੱਜ ਚੰਡੀਗੜ੍ਹ ਯੂਟੀ ਦੀ ਮੀਟਿੰਗ ਸੈਣੀ ਭਵਨ ਚੰਡੀਗੜ੍ਹ ਵਿਖੇ ਕੀਤੀ ਗਈ। ਜਿਸ ਵਿੱਚ ਮੁੱਖ ਮਹਿਮਾਨ ਸੈਂਟਰਲ ਕੋਆਰਡੀਨੇਟਰ ਸ਼੍ਰੀ ਰਣਧੀਰ ਸਿੰਘ ਬੈਨੀਵਾਲ ਜੀ ਇੰਚਾਰਜ ਪੰਜਾਬ ਹਰਿਆਣਾ ਅਤੇ ਚੰਡੀਗੜ੍ਹ, ਵਿਸ਼ੇਸ਼ ਮਹਿਮਾਨ ਸ੍ਰੀ ਬਿਪਲ ਕੁਮਾਰ ਜੀ ਕੇਂਦਰੀ ਇੰਚਾਰਜ ਚੰਡੀਗੜ੍ਹ, ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਇੰਚਾਰਜ ਚੰਡੀਗੜ੍ਹ ਦੀ ਰਫ਼ਤਾਰ ਤੇਜ਼ ਕਰਨ ਲਈ ਮੀਟਿੰਗ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਸ਼੍ਰੀ ਬ੍ਰਿਜਪਾਲ ਸਿੰਘ ਪ੍ਰਧਾਨ ਚੰਡੀਗੜ੍ਹ ਯੂਟੀ, ਸੁਖਦੇਵ ਸੋਨੂ ਜੀ ਇੰਚਾਰਜ ਚੰਡੀਗੜ੍ਹ ਲੋਕ ਸਭਾ,ਸਰਦਾਰ ਸੁਰਿੰਦਰ ਸਿੰਘ ਖੁੱਡਾ ਅਲੀਸ਼ੇਰ ਪ੍ਰਧਾਨ ਬਸਪਾ ਦਿਹਾਤੀ ਤੋਂ ਇਲਾਵਾ ਹੋਰ ਪਾਰਟੀ ਲੀਡਰਸ਼ਿਪ ਅਤੇ ਵਰਕਰ ਮੌਜੂਦ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਰੇਲ ਕੋਚ ਫੈਕਟਰੀ, ਵਿਖੇ ਵਿਜੀਲੈਂਸ ਜਾਗਰੂਕਤਾ ਹਫ਼ਤਾ 2025 ਦੌਰਾਨ ਇਮਾਨਦਾਰੀ ਸਹੁੰ ਚੁੱਕ ਸਮਾਰੋਹ ਆਯੋਜਿਤ

## ਵਿਜੀਲੈਂਸ ਵਿਭਾਗ ਦੁਆਰਾ ਪ੍ਰਕਾਸ਼ਿਤ ਵਿਜੀਲੈਂਸ ਬੁਲੇਟਿਨ ਦੇ 26ਵਾਂ ਅੰਕ ਜਾਰੀ

**ਕਪੂਰਥਲਾ, (ਕੌੜਾ)–** ਵਿਜੀਲੈਂਸ ਜਾਗਰੂਕਤਾ ਹਫ਼ਤਾ ਪੂਰੇ ਮੁਹਿੰਮ ਸਮੇਂ ਦੌਰਾਨ, ਰੇਲ ਕੋਚ ਫੈਕਟਰੀ ਵਿਜੀਲੈਂਸ ਵਿਭਾਗ ਕੇਂਦਰੀ ਵਿਜੀਲੈਂਸ ਕਮਿਸ਼ਨ ਦੁਆਰਾ ਪਛਾਣੇ ਗਏ ਮੁੱਖ ਫੋਕਸ ਖੇਤਰਾਂ ਵਿੱਚ ਵੱਖ-ਵੱਖ ਰੋਕਥਾਮ ਵਿਜੀਲੈਂਸ ਗਤੀਵਿਧੀਆਂ ਕਰ ਰਿਹਾ ਹੈ।

ਇਸ ਸਬੰਧ ਵਿੱਚ ਇੱਕ ਇਮਾਨਦਾਰੀ ਸਹੁੰ ਚੁੱਕ ਸਮਾਰੋਹ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸ਼੍ਰੀ ਰਵੀ ਕੁਮਾਰ, ਪ੍ਰਿੰਸੀਪਲ ਚੀਫ਼ ਮਕੈਨੀਕਲ ਇੰਜੀਨੀਅਰ/ਆਰ ਸੀ ਐੱਫ , ਸ਼੍ਰੀ ਵਿਨੋਦ ਪਾਲ, ਚੀਫ਼ ਵਿਜੀਲੈਂਸ ਅਫ਼ਸਰ, ਅਤੇ ਹੋਰ ਸੀਨੀਅਰ ਆਰ ਸੀ ਐੱਫ ਅਧਿਕਾਰੀ ਸ਼ਾਮਲ ਹੋਏ।

ਸਮਾਰੋਹ ਦੀ ਸ਼ੁਰੂਆਤ ਸੀਨੀਅਰ ਆਰ ਸੀ ਐੱਫ ਅਧਿਕਾਰੀਆਂ ਦੁਆਰਾ ਦੀਵੇ ਜਗਾਉਣ ਨਾਲ ਹੋਈ। ਪੀ ਸੀ ਐਮ ਈ, ਸ਼੍ਰੀ ਰਵੀ ਕੁਮਾਰ ਨੇ ਆਰ ਸੀ ਐੱਫ ਵਿਜੀਲੈਂਸ ਵਿਭਾਗ ਦੁਆਰਾ ਪ੍ਰਕਾਸ਼ਿਤ



ਵਿਜੀਲੈਂਸ ਬੁਲੇਟਿਨ ਦੇ 26ਵੇਂ ਅੰਕ ਨੂੰ ਵੀ ਜਾਰੀ ਕੀਤਾ। ਇਸ ਮੌਕੇ 'ਤੇ, ਡਿਪਟੀ ਚੀਫ ਵਿਜੀਲੈਂਸ ਅਫਸਰ ਸ਼੍ਰੀ ਨਵੀਨ ਚਾਹਲ ਨੇ ਰੋਕਥਾਮ ਚੌਕਸੀ ਦੇ ਵੱਖ-ਵੱਖ ਪਹਿਲੂਆਂ ਅਤੇ ਇਸ ਸਬੰਧ ਵਿੱਚ ਵਿਜੀਲੈਂਸ ਵਿਭਾਗ ਦੁਆਰਾ ਚੁੱਕੇ ਗਏ ਕਦਮਾਂ 'ਤੇ ਇੱਕ ਪੇਸ਼ਕਾਰੀ ਦਿੱਤੀ। ਸਮਾਗਮ ਵਿੱਚ ਬੁਲਾਰਿਆਂ ਨੇ ਸਾਰੇ ਆਰ ਸੀ ਐਫ ਅਧਿਕਾਰੀਆਂ, ਸੁਪਰਵਾਈਜ਼ਰਾਂ ਅਤੇ ਕਰਮਚਾਰੀਆਂ ਨੂੰ ਆਪਣੇ ਰੋਜ਼ਾਨਾ ਦੇ ਕੰਮ ਵਿੱਚ ਇਮਾਨਦਾਰੀ, ਇਮਾਨਦਾਰੀ ਅਤੇ ਪਾਰਦਰਸ਼ਤਾ ਰਾਹੀਂ ਰੇਲਵੇ ਤੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਵਿੱਚ ਮਦਦ ਕਰਨ ਦਾ ਸੱਦਾ ਦਿੱਤਾ।

ਕਰਮਚਾਰੀਆਂ ਨੂੰ ਉਨ੍ਹਾਂ ਦੇ ਕੰਮ ਵਾਲੀ ਥਾਂ 'ਤੇ ਇਮਾਨਦਾਰੀ ਦੀ ਸਹੁੰ ਵੀ ਚੁਕਾਈ ਗਈ। "ਵਿਜੀਲੈਂਸ ਜਾਗਰੂਕਤਾ ਹਫ਼ਤੇ" ਦੇ ਮੌਕੇ 'ਤੇ, ਭ੍ਰਿਸ਼ਟਾਚਾਰ ਬਾਰੇ ਜਨਤਕ ਜਾਗਰੂਕਤਾ ਵਧਾਉਣ ਲਈ ਪੂਰੇ ਅਹਾਤੇ ਵਿੱਚ ਬੈਨਰ ਅਤੇ ਪੋਸਟਰ ਲਗਾਏ ਗਏ ਸਨ।

ਵਿਜੀਲੈਂਸ ਵਿਭਾਗ ਨੇ ਕੇਂਦਰੀ ਵਿਜੀਲੈਂਸ ਕਮਿਸ਼ਨ ਦੁਆਰਾ ਪਛਾਣੇ ਗਏ ਮੁੱਖ ਫੋਕਸ ਖੇਤਰਾਂ 'ਤੇ ਆਰ ਸੀ ਐੱਫ ਵਿਚ ਕਈ ਪਹਿਲਕਦਮੀਆਂ ਕੀਤੀਆਂ ਹਨ, ਜਿਵੇਂ ਕਿ ਸੈਮੀਨਾਰ, ਭਾਸ਼ਣ ਅਤੇ ਹੋਰ ਮੁਕਾਬਲੇ, ਨੁੱਕੜ ਨਾਟਕ, ਵਿਜੀਲੈਂਸ ਜਾਗਰੂਕਤਾ ਰੈਲੀਆਂ ਦਾ ਆਯੋਜਨ ਕਰਨਾ, ਅਤੇ ਆਰ ਸੀ ਐਫ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਘੌਠ ਪਲੇਟਫਾਰਮ 'ਤੇ ਪਛਾਣੇ ਗਏ ਨਿਵਾਰਕ ਚੌਕਸੀ ਸਿਖਲਾਈ ਕੋਰਸਾਂ ਨੂੰ ਪੂਰਾ ਕਰਨ ਲਈ ਉਤਸ਼ਾਹਿਤ ਕਰਨਾ।

ਇਹ ਧਿਆਨ ਦੇਣ ਯੋਗ ਹੈ ਕਿ ਚੌਕਸੀ ਜਾਗਰੂਕਤਾ ਹਫ਼ਤਾ ਹਰ ਸਾਲ ਸਤਿਕਾਰਯੋਗ ਸਰਦਾਰ ਵੱਲਭ ਭਾਈ ਪਟੇਲ ਦੇ ਜਨਮ ਦਿਨ 'ਤੇ ਮਨਾਇਆ ਜਾਂਦਾ ਹੈ, ਜੋ ਆਪਣੀ ਅਟੁੱਟ ਦੇਸ਼ ਭਗਤੀ ਅਤੇ ਵਫ਼ਾਦਾਰੀ ਲਈ ਜਾਣੇ ਜਾਂਦੇ ਹਨ।

# ਪਿੰਡ ਰੂਪਾਪੱਤੀ ਵਿਖੇ ਪਲਾਟ 'ਚ ਹਰਾ ਚਾਰਾ ਵੱਢਦੇ ਵਿਆਕਤੀ ਤੇ ਨਾਲ ਲੱਗਦੇ ਘਰ ਦੀ ਪੱਕੀ ਕੰਧ ਡਿੱਗੀ ਮੌਕੇ ਤੇ ਮੌਤ

**ਰਾਏਕੋਟ, ਅਕਤੂਬਰ ਗੁਰਭਿੰਦਰ ਗੁਰੀ** ਕਰੀਬੀ ਪਿੰਡ ਰੂਪਾਪੱਤੀ ਦੇ 59 ਸਾਲਾ ਨਰਾਇਣ ਸਿੰਘ ਪੁੱਤਰ ਭਾਨ ਸਿੰਘ ਦੀ ਆਪਣੇ ਹਰੇ ਚਾਰੇ ਵਾਲੇ ਪਲਾਟ ਵਿੱਚ ਪੱਠੇ ਵੱਢਦੇ ਹੋਏ ਨਾਲ ਦੇ ਗੁਆਂਢੀ ਜਗਦੇਵ ਸਿੰਘ ਫੌਜੀ ਪੁੱਤਰ ਦਿਆਲ ਸਿੰਘ ਦੀ ਪੱਕੀ ਕੰਧ ਜਿਸ ਦੀ ਕਿ ਉਨ੍ਹਾਂ ਵੱਲੋਂ ਮਰੰਮਤ ਕੀਤੀ ਜਾ ਰਹੀ ਅੱਜ ਸ਼ਾਮੀ 4:30 ਵਜੇ ਡਿੱਗਣ ਨਾਲ ਮੌਕੇ ਤੇ ਮੌਤ ਹੋ ਗਈ। ਨਰਾਇਣ ਸਿੰਘ ਉਪਰ ਕੰਧ ਡਿੱਗਣ ਉਪਰੰਤ ਗੁਆਂਢੀ ਜਗਦੇਵ ਸਿੰਘ ਅਤੇ ਨਰਾਇਣ ਸਿੰਘ ਦੇ ਘਰ ਦੀ ਔਰਤਾਂ ਵੱਲੋਂ ਨਰਾਇਣ ਸਿੰਘ ਨੂੰ ਸਿਮਰਤ ਹਸਪਤਾਲ ਰਾਏਕੋਟ ਵਿਖੇ ਇਲਾਜ ਲਈ ਲਿਜਾਇਆ ਗਿਆ,ਪਰ ਹਸਪਤਾਲ ਪਹੁੰਚਣ ਮੌਕੇ ਡਾਕਟਰਾਂ ਵੱਲੋਂ ਉਸਦੀ ਪਹਿਲਾਂ ਹੀ ਮੌਤ ਹੋ ਜਾਣ ਬਾਰੇ ਦੱਸਿਆ ਗਿਆ।ਸਿਮਰਤ ਹਸਪਤਾਲ ਰਾਏਕੋਟ ਵਿਖੇ ਮ੍ਰਿਤਕ ਨਰਾਇਣ ਸਿੰਘ ਦੇ ਭਰਾ ਲਖਵਿੰਦਰ ਸਿੰਘ ਅਤੇ ਪੁੱਤਰ ਬਲਦੀਪ ਸਿੰਘ ਵੱਲੋਂ ਇਸ ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਅੱਜ ਘਰ ਨਹੀਂ ਸਨ ਅਤੇ ਨਰਾਇਣ ਸਿੰਘ ਪੱਠੇ ਵੱਢਣ ਲਈ ਆਪਣੇ ਗੁਆਂਢੀ ਜਗਦੇਵ ਸਿੰਘ ਫੌਜੀ ਨਾਲ ਲੱਗਦੇ ਪਲਾਂਟ ਵਿੱਚ ਬੀਜੇ ਹਰੇ ਚਾਰੇ ਪੱਠੇ ਵੱਢਣ ਗਏ ਸੀ ,ਜਿੱਥੇ ਉਨ੍ਹਾਂ ਦੀ ਕੰਧ ਡਿੱਗਣ ਨਾਲ ਮੌਕੇ ਤੇ ਮੌਤ ਹੋ ਗਈ । ਸਿਮਰਤ ਹਸਪਤਾਲ ਵਿਖੇ ਮ੍ਰਿਤਕ ਦੇਹ ਹੋਰ ਪੁੱਜੇ ਥਾਣਾ ਸਦਰ ਰਾਏਕੋਟ ਦੇ ਪੁਲਿਸ ਮੁਲਾਜ਼ਮਾਂ ਵੱਲੋਂ ਮੌਕੇ ਦਾ ਜਾਇਜ਼ਾ



ਲੈਂਦਿਆਂ ਪਿੰਡ ਰੂਪਾਪੱਤੀ ਵਿਖੇ ਘਟਨਾ ਸਥਲ ਦਾ ਦੌਰਾ ਕੀਤਾ ਅਤੇ ਪਿੰਡ ਵਾਸੀਆਂ ਤੇ ਪਰਿਵਾਰਕ ਮੈਂਬਰਾਂ ਦੇ ਬਿਆਨ ਕਲਮਬੰਦ ਕੀਤੇ । ਨਰਾਇਣ ਸਿੰਘ ਦੀ ਮੌਤ ਤੇ ਜਿੱਥੇ ਇੱਕ ਪਾਸੇ ਉਸ ਦੇ ਭਰਾ ਨੇ ਗੁਆਂਢੀ ਜਗਦੇਵ ਸਿੰਘ ਵੱਲੋਂ ਜਾਣਬੁੱਝ ਕੇ ਕੰਧ ਸੁੱਟ ਕੇ ਮਾਰਨ ਦੇ ਦੋਸ ਲਗਾਏ ,ਪਰ ਮ੍ਰਿਤਕ ਦੇ ਪਰਿਵਾਰਕ ਮੈਂਬਰ ਵੱਲੋਂ ਕੋਈ ਵੀ ਕਾਰਵਾਈ ਨਾ ਕਰਨ ਬਾਰੇ ਕਿਹਾ ਗਿਆ। ਥਾਣਾ ਰਾਏਕੋਟ ਸਦਰ ਮੁਖੀ ਐਸ ਆਈ ਕੁਲਵਿੰਦਰ ਸਿੰਘ ਵੱਲੋਂ ਹਾਲੇ ਤੱਕ ਕੋਈ ਵੀ ਪ੍ਰਤੀਕਰਮ ਦੇਣ ਤੋਂ ਗ਼ੁਰੇਜ਼ ਕਰਦਿਆਂ ਇਸ ਸਾਰੀ ਘਟਨਾ ਸੰਬੰਧੀ ਸਵੇਰੇ ਜਾਣਕਾਰੀ ਦੇਣ ਬਾਰੇ ਕਿਹਾ।

# ਡਾਕਟਰ ਉਜਾਗਰ ਸਿੰਘ ਸੂਰੀ ਨੂੰ ਵੱਖ ਵੱਖ ਆਗੂਆਂ ਵਲੋਂ ਸ਼ਰਧਾਂਜਲੀ ਭੇਂਟ

**● ਡਾਕਟਰ ਸੂਰੀ ਗਰੀਬ ਲੋਕਾਂ ਦੇ ਮਸੀਹੇ ਵਜੋਂ ਜਾਣਿਆਂ ਜਾਂਦਾ ● ਡਾਕਟਰ ਸੂਰੀ ਨੇ ਜਿੱਥੇ ਹਮੇਸ਼ਾ ਗਰੀਬ ਲੋਕਾਂ ਦੀ ਮਦਦ ਕੀਤੀ ਉੱਥੇ ਵੱਖ ਵੱਖ ਧਾਰਮਿਕ ਅਸਥਾਨਾਂ ਨੂੰ ਵੀ ਰੱਜ ਕੇ ਦਾਨ ਦਿੱਤਾ**

**ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ )** ਡਾਕਟਰ ਉਜਾਗਰ ਸਿੰਘ ਸੂਰੀ ਦੀ ਅੰਤਿਮ ਅਰਦਾਸ ਮੌਕੇ ਅੱਜ ਉਨ੍ਹਾਂ ਦੇ ਗ੍ਰਹਿ ਪਿੰਡ ਲੋਹਟ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਪਾਠ ਦੇ ਭੋਗ ਪਾਉਣ ਉਪਰੰਤ ਪੰਥ ਪ੍ਰਸਿੱਧ ਰਾਗੀ ਗਿਆਨੀ ਗੁਰਦੇਵ ਸਿੰਘ ਅਸਟ੍ਰੇਲੀਆ ਵਾਲੀਆਂ ਦੇ ਜਥੇ ਨੇ ਵੇਰਾਗ ਮਈ ਕੀਰਤਨ ਕਰਦਿਆਂ ਜਿੱਥੇ ਗੁਰਬਾਣੀ ਨਾਲ ਸੰਗਤਾਂ ਨੂੰ ਜੋੜਿਆਂ ਉੱਥੇ ਡਾਕਟਰ ਉਜਾਗਰ ਸਿੰਘ ਸੂਰੀ ਨੂੰ ਸ਼ਰਧਾਂਜਲੀ ਭੇਂਟ ਕਰਦੀਆਂ ਕਿਹਾ ਕੇ ਗਰੀਬ ਅਤੇ ਲੋੜਵੰਦ ਲੋਕਾਂ ਇਲਾਜ਼ ਕਰਕੇ ਜੋ ਡਾਕਟਰ ਸੂਰੀ ਨੇ ਨਾ ਮਨਾ ਖੱਟਿਆ ਹੈ ਇਸ ਲਈ ਲੋਕ ਉਨ੍ਹਾਂ ਗਰੀਬਾਂ ਦਾ ਮਸੀਹਾ ਜਾਣਕੇ ਲੰਮੇ ਸਮੇਂ ਤੱਕ ਯਾਦ ਰੱਖਣਗੇ ਉਪਰੰਤ ਸਰਧਾਂਜਲੀ ਸਮਾਗਮ ਵਿਚ ਡਾਕਟਰ ਸੂਰੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ, ਸਾਬਕਾ ਵਿਧਾਇਕ ਐਡਵੋਕੇਟ ਹਰਗੋਪਾਲ ਸਿੰਘ, ਜੱਥੇਦਾਰ ਮਹਿੰਦਰ ਸਿੰਘ ਹੁਸੇਨਪੁਰ ਮੈਂਬਰ ਸ਼੍ਰੋਮਣੀ ਕਮੇਟੀ, ਐਸ ਡੀ ਓ ਸੁਰਜੀਤ ਸਿੰਘ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ (ਰਜਿ) ਨਵਾਂਸ਼ਹਿਰ, ਰਛਪਾਲ ਸਿੰਘ ਰਾਜੂ ਪੰਜਾਬ ਅਨੁਸੂਚਿਤ ਜਾਤੀ ਲੈਂਡ ਡਿਵੈੱਲਪਮੈਂਟ ਤੇ ਵਿੱਤੀ ਕਾਰਪੋਰੇਸ਼ਨ ਡਾਇਰੈਕਟਰ, ਭੁਪਿੰਦਰ ਸਿੰਘ ਉਭੀ ਮੁੱਖ ਸੰਪਾਦਕ ਰਾਮਗੜ੍ਹੀਆ ਦਰਪਨ ਜਲੰਧਰ, ਸਾਬਕਾ ਚੇਅਰਮੈਨ ਤਰਲੋਚਨ ਸਿੰਘ ਰੱਕੜ, ਜਸਪਾਲ ਸਿੰਘ ਜਾਡਲੀ, ਮਨਪ੍ਰੀਤ ਕੌਰ ਅਮਰੀਕਾ, ਮੇਜਰ ਸਿੰਘ ਲੋਹਟ ਸਟੇਟ ਸੈਕਟਰੀ ਨੇ ਕਿਹਾ ਡਾਕਟਰ ਉਜਾਗਰ ਸਿੰਘ ਸੂਰੀ ਦੀ ਬੇਵਕਤੀ ਮੋਤ ਨਾਲ ਕੇਵਲ ਇਕ ਪਰਿਵਾਰ ਜਾ ਪਿੰਡ ਨੂੰ ਹੀ ਘਾਟਾ ਨਹੀ ਪਿਆ ਬਲਕੇ ਸੁਮੱਚਾ ਬਲਾਚੌਰ ਖੇਤਰ ਇਕ ਪ੍ਰਸਿੱਧ ਡਾਕਟਰ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ ਅਤੇ ਇਸ ਘਾਟੇ ਨੂੰ ਕਦੇ ਵੀ ਪੂਰਿਆ ਨਹੀ ਜਾ ਸਕਦਾ। ਇਸ ਮੌਕੇ ਡਾਕਟਰ ਸੂਰੀ ਦੇ ਸਪੁੱਤਰਾਂ ਸਰਦਾਰ ਅਮਨਪ੍ਰੀਤ ਸਿੰਘ ਸੂਰੀ ਅਮਰੀਕਾ ਅਤੇ ਡਾਕਟਰ ਭੁਪਿੰਦਰ ਜੀਤ ਸਿੰਘ ਸੂਰੀ ਮਾਤਾ ਕੁਲਵੰਤ ਕੌਰ ਸੂਰੀ, ਅਤੇ ਨਰਿੰਦਰ ਜੀਤ ਕੌਰ ਸੂਰੀ ਵਲੋਂ ਡਾਕਟਰ ਉਜਾਗਰ ਸਿੰਘ ਸੂਰੀ ਦੀ ਯਾਦ ਵਿਚ ਪਿੰਡ ਲੋਹਟ ਵਿਖੇ ਡਾਕਟਰ ਉਜਾਗਰ ਸਿੰਘ ਸੂਰੀ ਮੈਮੋਰੀਅਲ ਸਬ ਸੈਂਟਰ ਖੋਲ੍ਹਣ ਵਾਸਤੇ ਜਮੀਨ ਦਾਨ ਦੇਣ ਦਾ ਐਲਾਨ ਕੀਤਾ। ਇਸ ਮੌਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲੀਆਂ ਵਿਚ ਹਲਕਾ ਵਿਧਾਇਕਾ ਸ਼ੰਤੋਸ਼ ਕਟਾਰੀਆ, ਜੱਥੇਦਾਰ ਸੁਖਦੀਪ ਸਿੰਘ ਸ਼ੁਕਾਰ ਜਿਲ੍ਹਾਂ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨਵਾਂਸ਼ਹਿਰ, ਗੁਰਪ੍ਰੀਤ ਗੁੱਜਰ ਰੈਲਮਾਜਰਾ ਰੈਲਮਾਜਰਾ, ਬ੍ਰਿਗੇਡੀਅਰ ਰਾਜਕੁਮਾਰ ਚੇਅਰਮੈਨ ਗੁੱਜਰ ਸਮਾਜ ਵੈਲਫੇਅਰ ਬੋਰਡ ਪੰਜਾਬ,ਇੰਦਰਜੀਤ ਲੁੱਡੀ, ਰਮਨ ਨੰਦ ਲਾਲ, ਸੀਨੀਅਰ ਪੱਤਰਕਾਰ ਬਲਦੇਵ ਸਿੰਘ ਪਨੇਸਰ,ਮਨਜੀਤ ਸਿੰਘ ਸੋਹਣਪਾਲ, ਜੋਗਿੰਦਰ ਸਿੰਘ ਸੋਹਣਪਾਲ, ਰਣਜੀਤ ਸਿੰਘ ਵਿਰਦੀ, ਪਰਮਜੀਤ ਸਿੰਘ ਸੋਹਣਪਾਲ, ਹਨੀ ਟੌਂਸਾ, ਠੇਕੇਦਾਰ ਗੁਰਚਰਨ ਸਿੰਘ ਉੱਦਲਣੀ, ਸੰਦੀਪ ਭਾਟੀਆ ਆਦੋਆਣਾ, ਬਲਦੇਵ ਸਿੰਘ ਬੱਲੀ, ਜਸਪਾਲ ਸ਼ਰਮਾ, ਸੁਰਿੰਦਰ ਭੱਟੀ, ਮੁਖਤਿਆਰ ਸਿੰਘ ਗਿੱਲ, ਡਾਕਟਰ ਦਿਲਦਾਰ ਸਿੰਘ ਚਾਹਲ, ਡਾਕਟਰ ਐਸ ਕੇ ਪਨੇਸਰ ਪ੍ਰਧਾਨ ਕੈਮਿਸਟ ਐਸੋਸੀਏਸ਼ਨ ਬਲਾਚੌਰ, ਡਾਕਟਰ ਜਗਦੀਸ਼ ਛਾਬੜਾ, ਡਾਕਟਰ ਸੋਮਨਾਥ, ਡਾਕਟਰ ਸੁਨੀਲ ਪਾਠਕ, ਨਿਰਮਲ ਸਿੰਘ ਮਾਣੇਵਾਲ, ਦਲਜੀਤ ਸਿੰਘ ਮਾਣੇਵਾਲ, ਸਿਮਰਨ ਸਹਿਜਪਾਲ, ਸੁਨੀਲ ਕੌਂਸਲ ਲਾਡੀ ਰਾਣਾ ਪ੍ਰਧਾਨ ਨਗਰ ਕੌਂਸਲ ਬਲਾਚੌਰ, ਵਿਜੇ ਕੁਮਾਰ ਸੰਡਰੇਵਾਲ, ਰਿੱਕੀ ਬਜਾਜ, ਬੇਦੀ ਬਲਾਚੌਰ, ਐਡਵਕੇਟ ਆਰ ਪੀ ਸਿੰਘ ਬਲਾਚੌਰ, ਜੋਗਿੰਦਰ ਸਿੰਘ ਅਟਵਾਲ, ਪਰਮਿੰਦਰ ਭਾਟੀਆ ਐਮ ਸੀ ਬਲਾਚੌਰ, ਪਰਮਿੰਦਰ ਮੇਨਕਾ ਐਮ ਸੀ, ਹਰਪਾਲ ਸਿੰਘ ਮੱਕੋਂਵਾਲ, ਪ੍ਰਵੀਨ ਪੁਰੀ ਬਲਾਚੌਰ, ਅਭਿਸ਼ੇਕ ਰਾਣਾ ਬਲਾਚੌਰ, ਸੋਨੂੰ ਸ਼ਿਵਾਲਿਕ, ਹਿਤੇਸ਼ ਅਰੋੜਾ, ਨਰੇਸ਼ ਚੇਚੀ, ਪਾਨੀ ਕੁਮਾਰ ਐਮ ਸੀ, ਪੱਤਰਕਾਰ ਹਰਦੀਪ ਸਿੰਘ ਗਹੂੰਣ, ਗੁਰ-ਦੇਵ ਸਿੰਘ ਗਹੂੰਣ, ਰਣਦੀਪ ਕੌਸ਼ਲ ਬਲਾਚੌਰ, ਰਣਜੀਤ ਸਿੰਘ ਕਾਕਾ, ਜਸਵਿੰਦਰ ਸਿਆਣ, ਪੱਤਰਕਾਰ ਨਰੇਸ਼ ਕੁਮਾਰ ਹੈਪੀ, ਗੁਰਪ੍ਰੀਤ ਸਿੰਘ ਸੈਣੀ, ਰਣਬੀਰ ਸਿੰਘ ਧਾਲੀਵਾਲ, ਬਾਬਾ ਸੁਰਜੀਤ ਕੰਗਣਾ, ਬਿੱਟੂ ਬਲਾਚੌਰ, ਦਿਲਾਵਰ ਸਿੰਘ ਦਿਲੀ ਗੜ੍ਹੀ, ਚੋਧਰੀ ਹਰਪ੍ਰੀਤ ਸਿੰਘ, ਡਾਕਟਰ ਅਨੁਭਵ ਤਿਆਗੀ, ਡਾਕਟਰ ਦਿਲਦਾਰ ਸਿੰਘ ਚਾਹਲ, ਡਾਕਟਰ ਹਰਦੀਪ ਸਿੰਘ ਸਿਆਣ, ਡਾਕਟਰ ਵਿਕਰਮ ਸਿੰਘ ਭਨੂੰ,ਡਾਕਟਰ ਪਵਨ ਕੁਮਾਰ ਮਾਸਟਰ ਹਰਵਿੰਦਰ ਸਿੰਘ ਰਾਣਾ, ਮਾਸਟਰ ਕੇਵਲ ਰਾਮ, ਸੁਰਜੀਤ ਸਿੰਘ, ਡਾਕਟਰ ਭੂਸ਼ਨ, ਡਾਕਟਰ ਸੋਡੀ, ਡਾਕਟਰ ਮਨਜੀਤ ਸਿੰਘ ਪਨੇਸਰ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ ਇਸ ਮੌਕੇ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।



**ਡਾਕਟਰ ਉਜਾਗਰ ਸਿੰਘ ਸੂਰੀ ਅੰਤਿਮ ਅਰਦਾਸ ਮੌਕੇ ਕੀਰਤਨ ਕਰਦਾ ਹੋਈਆ ਗਿਆਨੀ ਗੁਰਦੇਵ ਸਿੰਘ ਅਸਟ੍ਰੇਲੀਆ ਦਾ ਜਥਾ ਅਤੇ ਡਾਕਟਰ ਉਜਾਗਰ ਸਿੰਘ ਸੂਰੀ ਦੀ ਅੰਤਿਮ ਅਰਦਾਸ ਮੌਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਵੱਖ ਵੱਖ ਆਗੂ।**

# ਕਾਮਰੇਡ ਜਸਬੀਰ ਸਿੰਘ ਸਿੱਧੂ ਜੌਹਲਾਂ ਦਾ ਦਿਹਾਂਤ

**ਰਾਏਕੋਟ (ਗੁਰਭਿੰਦਰ ਗੁਰੀ)** ਅੱਜ ਲੰਮਾ ਸਮਾਂ ਡੀ ਬਾਈ ਐਫਆਈ ਦੇ ਸੂਬਾ ਕਮੇਟੀ ਮੈਂਬਰ ਤਹਿਸੀਲ ਕਮੇਟੀ ਮੈਂਬਰ ਅਤੇ ਕਿਸਾਨ ਸਭਾ ਦੀ ਜ਼ਿਲਾ ਕਮੇਟੀ ਦੇ ਮੈਂਬਰ ਰਹੇ ਜਸਬੀਰ ਸਿੰਘ ਸਿੱਧੂ ਜੌਹਲਾਂ ਦਾ ਦੇਹਾਂਤ ਹੋ ਗਿਆ। ਜਸਬੀਰ ਸਿੰਘ ਥੋੜਾ ਸਮਾਂ ਬਿਮਾਰ ਰਹੇ ਕੱਲ ਉਹਨਾਂ ਦਾ ਫੋਰਟਸ ਹਸਪਤਾਲ ਵਿਖੇ ਦੇਹਾਂਤ ਹੋ ਗਿਆ ਉਹਨਾਂ ਦੇ ਅੰਤਿਮ ਸੰਸਕਾਰ ਤੇ ਉਹਨਾਂ ਦੇ ਰਿਸ਼ਤੇਦਾਰ ਦੋਸਤ ਮਿੱਤਰ ਅਤੇ ਵੱਡੀ ਗਿਣਤੀ ਵਿੱਚ ਕਾਮ-ਰੇਡ ਸਾਥੀ ਸ਼ਾਮਿਲ ਹੋਏ ਅੱਜ ਉਹਨਾਂ ਦਾ ਉਹਨਾਂ ਦੇ ਜੱਦੀ ਪਿੰਡ ਜੋਹਲਾ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਮਿਰਤਕ ਦੇਹ ਤੇ ਕੁਲ





ਹਿੰਦ ਕਿਸਾਨ ਸਭਾ ਦੇ ਸੂਬਾ ਸਕੱਤਰ ਬਲਜੀਤ ਸਿੰਘ ਗਰੇਵਾਲ ਵੱਲੋਂ ਪਾਰਟੀ ਦਾ ਝੰਡਾ ਪਾ ਕੇ ਅੰਤਮਵਿਦਇਗੀ ਦਿੱਤੀ ਗਈ ਇਸ ਮੌਕੇ ਕਿਸਾਨ ਆਗੂ ਮਾਸਟਰ ਮੁਖਤਿਆਰ ਸਿੰਘ ਜਲਾਲ ਦੀਵਾਲ ਕਾਮਰੇਡ ਫਕੀਰ ਚੰਦ ਦਦਾ ਹੂਰ ਕਾਮਰੇਡ ਸੁਰਿੰਦਰ ਸਿੰਘ ਸੀਲੋਆਣੀ ਪ੍ਰਧਾਨ ਤਹਿਸੀਲ ਕਮੇਟੀ ਕੁਲਦੀਪ ਸਿੰਘ ਜੋਹਲਾਂ ਸੁਖ ਚੈਨ ਸਿੰਘ ਸਕੱਤਰ ਕਮੇਟੀ ਸਕੱਤਰ ਚਮਕੌਰ ਸਿੰਘ ਨਿਰਮਲ ਸਿੰਘ ਇੰਦਰਜੀਤ ਸਿੰਘ ਕਾਮਰੇਡ ਸੁਰਿੰਦਰ ਸਿੰਘ ਜਲਾਲ ਦੀਵਾਲ ਨਛੱਤਰ ਸਿੰਘ ਅਤੇ ਹਰਦੇਵ ਸਿੰਘ ਜੌਹਲਾਂ ਆਦਿ ਮੌਜੂਦ ਸਨ ਜਸਬੀਰ ਸਿੰਘ ਦੇ ਨਮਿੱਤ ਸਹਿਜ ਪਾਠ ਦੇ ਭੋਗ ਚਾਰ ਤਰੀਕ ਮੰਗਲਵਾਰ ਨੂੰ ਪਿੰਡ ਜੌਹਲਾਂ ਦੇ ਗੁਰਦੁਆਰਾ ਸਾਹਿਬ ਵਿੱਚ ਪਾਏ ਜਾਣਗੇ ਤੇ ਸ਼ਰਧਾਂਜਲੀ ਸਮਾਗਮ ਹੋਵੇਗਾ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਰਾਏਕੋਟ ਦੀ ਮਹੀਨਾਵਾਰ ਮੀਟਿੰਗ ਹੋਈ

## ਮੀਟਿੰਗ ਦੌਰਾਨ ਅਹਿਮ ਮਸਲੇ ਵਿਚਾਰੇ

**ਰਾਏਕੋਟ, (ਗੁਰਭਿੰਦਰ ਗੁਰੀ )** ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਰਾਏਕੋਟ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਤੇਜਿੰਦਰ ਸਿੰਘ ਸੰਧੂ ਪ੍ਰਧਾਨਗੀ ਹੇਠ ਸਥਾਨਕ ਸ਼ਹਿਰ ਦੇ ਇਤਿਹਾਸਕ ਗੁਰਦੁਆਰਾ ਟਾਹਲੀਆਣਾ ਸਾਹਿਬ ਵਿਖੇ ਹੋਈ। ਇਸ ਮੀਟਿੰਗ ਦੌਰਾਨ ਜਿੱਥੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਇਸ ਮੌਕੇ ਸੂਬਾਈ ਆਗੂ ਗੁਲਜੀਤ ਸਿੰਘ ਅਤੇ ਜਿਲ੍ਹਾਂ ਪ੍ਰਧਾਨ ਗੁਰਦੀਪ ਸਿੰਘ ਕਲਸੀਆਂ ਨੇ ਵਿਸੇਸ਼ ਤੌਰ ਤੇ ਸਿਕਰਤ ਕੀਤੀ। ਮੀਟਿੰਗ ਦੀ ਸ਼ੁਰੂਆਤ ਸਮੇਂ ਜਥੇਬੰਦੀ ਦੀ ਚੜਦੀਕਲਾਂ ਲਈ ਅਰਦਾਸ ਕੀਤੀ ਗਈ ਤੇ ਜੱਥੇਬੰਦੀ ਦੀਆਂ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ਉਪਰੋਕਤ ਆਗੂਆਂ ਨੇ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰ ਲੋਕਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਦੇਣ ਲਈ ਸੇਵਾ ਭਾਵਨਾ ਨਾਲ ਆਪਣੀ ਜਿੰਮੇਵਾਰੀ ਇਮਾਨਦਾਰੀ ਨਾਲ ਨਿਭਾਅ ਰਹੇ ਹਨ ਪਰ ਸੂਬਾ ਸਰਕਾਰ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਜਾਇਜ਼ ਮੰਗਾਂ ਮੰਨਣ ਦੀ ਬਜਾਏ ਟਾਲ ਮਟੋਲ ਦੀ ਨੀਤੀ ਅਪਣਾ ਰਹੀ ਹੈ। ਉਹਨਾਂ ਪੰਜਾਬ ਸਰਕਾਰ



ਨੂੰ ਅਪੀਲ ਕੀਤੀ ਕਿ ਸੂਬਾ ਸਰਕਾਰ ਟਾਲ ਮਟੋਲ ਦੀ ਨੀਤੀ ਛੱਡ ਕੇ ਮੈਡੀਕਲ ਪ੍ਰੈਕਟੀਸ਼ਨਰ ਦੀਆਂ ਜਾਇਜ਼ ਮੰਗਾਂ ਨੂੰ ਪਹਿਲ ਅਤੇ ਤਜਰਬੇ ਦੇ ਆਧਾਰ ਤੇ ਪ੍ਰੈਕਟਿਸ ਕਰਨ ਦੀ ਆਗਿਆ ਦੇਵੇ। ਇਸ ਮੌਕੇ ਜਿਲ੍ਹਾਂ ਪ੍ਰਧਾਨ ਗੁਰਦੀਪ ਸਿੰਘ ਕਲਸੀਆਂ ਨੇ ਲੋਕਾਂ ਨੂੰ ਡੇਂਗੂ ਚਿਕਨਗੁਣੀਆ ਬੁਖਾਰ ਹੋਣ ਵਾਲੇ ਲੱਛਣਾ ਸਬੰਧੀ ਜਾਣਕਾਰੀ ਦਿੱਤੀ ਤੇ ਕਿਹਾ ਕਿ ਬੁਖਾਰ ਹੋਣ ਤੇ ਤੁਰੰਤ ਡਾਕਟਰ ਦੀ ਸਲਾਹ ਨਾਲ ਹੀ ਇਲਾਜ਼ ਕਰਵਾਇਆ ਜਾਵੇ। ਇਸ ਮੌਕੇ ਹੁੰਝਣ ਹਸਪਤਾਲ ਲੁਧਿਆਣਾ ਦੇ ਹੱਡੀਆਂ ਦੇ ਮਾਹਿਰ ਡਾਕਟਰ ਜੈਵੀਰ ਸਿੰਘ ਨੇ ਹਸਪਤਾਲ ਦੀਆਂ ਵਿਸ਼ੇਸ਼ਤਾਈਆਂ ਬਾਰੇ ਜਾਣਕਾਰੀ ਦਿੱਤੀ। ਬਲਾਕ ਪ੍ਰਧਾਨ ਤੇਜਿੰਦਰ ਸਿੰਘ ਸੰਧੂ ਨੇ ਮੀਟਿੰਗ ਵਿੱਚ ਹਾਜ਼ਰ ਹੋਣ ਵਾਲੇ ਸਾਰੇ ਮੈਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਲਾਕ ਕੈਸ਼ੀਅਰ ਪਰਮਿੰਦਰ ਸਿੰਘ ਜੱਸੀ, ਮੀਤ ਪ੍ਰਧਾਨ ਹਰਦੀਪ ਕੁਮਾਰ ਕਲਸੀਆਂ, ਚਰਨਜੀਤ ਸਿੰਘ ਕਲਸੀਆਂ, ਜਗਦੀਪ ਸਿੰਘ ਅਖਾੜਾ,ਡਾਕਟਰ ਜਰਨੈਲ ਸਿੰਘ ਤਾਜਪੁਰ, ਗੁਰਨਾਮ ਸਿੰਘ, ਹਰਪਾਲ ਸਿੰਘ ਲੰਮੇ, ਚਰਨਦਾਸ ਸਿੰਘ ਬੱਸੀਆਂ, ਹਰਮੇਲ ਸਿੰਘ, ਆਮਿਰ ਖਾਨ ਰਾਏਕੋਟ, ਬਚਿੱਤਰ ਸਿੰਘ ਛੱਜਾਵਾਲ ਤੋਂ ਇਲਾਵਾ ਮਹਿਲਾ ਵਿੰਗ ਤੋਂ ਹਰਵਿੰਦਰ ਕੌਰ ਝੱਮਟ ਆਦਿ ਹਾਜ਼ਰ ਸਨ।

# ਵਿਧਾਇਕ ਰੰਧਾਵਾ ਨੇ 10.01 ਕਰੋੜ ਦੀ ਲਾਗਤ ਨਾਲ ਬਣਨ ਵਾਲੀ ਡੇਰਾਬੱਸੀ-ਮੁਬਾਰਿਕਪੁਰ-ਰਾਮਗੜ੍ਹ ਸੜਕ ਦਾ ਨੀਂਹ ਪੱਥਰ ਰੱਖਿਆ

**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਸਰਕਾਰ ਵਲੋਂ ਡੇਰਾਬੱਸੀ ਹਲਕੇ ਦੀ ਵੱਡੀ ਮੰਗ ਨੂੰ ਪੂਰਾ ਕਰਦਿਆਂ ਹਲਕਾ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਅੱਜ ਡੇਰਾਬੱਸੀ-ਮੁਬਾਰਿਕਪੁਰ-ਰਾਮਗੜ੍ਹ ਸੜਕ (ਲੰਬਾਈ 7.40 ਕਿਲੋਮੀਟਰ) ਦੇ ਨਿਰਮਾਣ ਕੰਮ ਦਾ ਨੀਹ ਪੱਥਰ ਰੱਖ ਕੇ ਸ਼ੁਰੂਆਤ ਕਰਵਾਈ। ਇਹ ਪ੍ਰੋਜੈਕਟ 10.01 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਵੇਗਾ।

ਵਿਧਾਇਕ ਰੰਧਾਵਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਹਰਭਜਨ ਸਿੰਘ ਈ ਟੀ ਓ ਦਾ ਇਸ ਵੱਡੀ ਮੰਗ ਨੂੰ ਮੰਨਣ ਲਈ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਪ੍ਰੋਜੈਕਟ ਅਧੀਨ ਡੇਰਾਬੱਸੀ ਤੋਂ ਰਾਮਗੜ੍ਹ ਤੱਕ ਖਸਤਾ ਹਾਲਤ ਸੜਕ ਨੂੰ ਪੂਰੀ ਮਜ਼ਬੂਤੀ ਨਾਲ ਦੁਬਾਰਾ ਬਣਾਇਆ ਜਾਵੇਗਾ। ਬਣਾਉਣ ਉਪਰੰਤ ਇਸ ਦੀ ਪੰਜ ਸਾਲ ਦੀ ਦੇਖ ਰੇਖ ਵੀ ਸਬੰਧਤ ਉਸਾਰੀ ਕੰਪਨੀ ਵੱਲੋਂ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ, ਸੁੰਡਰਾਂ ਜੰਕਸ਼ਨ ਅਤੇ ਮੋੜ ਠੀਕਰੀ ਲਿੰਕ ਰੋਡ ਤੋਂ ਦਫਰਪੁਰ ਤੱਕ ਦੇ ਹਿੱਸੇ ਨੂੰ ਇੰਟਰਲਾਕਿੰਗ ਟਾਈਲਾਂ ਨਾਲ ਸੁਧਾਰਿਆ ਜਾਵੇਗਾ। ਲਗਭਗ ਚਾਰ ਕਿਲੋਮੀਟਰ ਲੰਬਾਈ ਤੱਕ ਸੜਕ ਦੇ ਦੋਵਾਂ ਪਾਸਿਆਂ 'ਤੇ ਬਰਮ ਵੀ ਪੱਕੇ ਕੀਤੇ ਜਾਣਗੇ।



ਸੜਕ ਦੀ ਸੁਰੱਖਿਆ ਲਈ ਰੋਡ ਸਾਈਨ, ਡਿਵਾਈਡਰ ਲਾਈਨਾਂ ਅਤੇ ਹੋਰ ਸੜਕ ਸਾਜੋ-ਸਾਮਾਨ ਵੀ ਲਗਾਏ ਜਾਣਗੇ।ਸ. ਰੰਧਾਵਾ ਨੇ ਕਿਹਾ ਕਿ ਪ੍ਰੋਜੈਕਟ ਦੀ ਪਹਿਲੀ ਤਰਜੀਹ ਮੁਬਾਰਿਕਪੁਰ-ਸੁੰਡਰਾਂ ਚੌਰਾਹੇ, ਮੁਬਾਰਿਕਪੁਰ ਅੰਡਰਪਾਸ ਅਤੇ ਦਫਰਪੁਰ ਮੋੜ ਦੀ ਮੁਰੰਮਤ ਹੋਵੇਗੀ, ਜਿਸ ਦਾ ਕੰਮ ਜੇ ਮੌਸਮ ਅਨੁਕੂਲ ਰਿਹਾ ਤਾਂ ਦੋ ਮਹੀਨਿਆਂ ਵਿੱਚ ਪੂਰਾ ਹੋ ਜਾਵੇਗਾ।

ਉਨ੍ਹਾਂ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਸੜਕ ਸੁਵਿਧਾਵਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਨੇ ਰਾਮਗੜ੍ਹ ਰੋਡ ਦੇ ਨਾਲ ਸਥਿਤ ਉਦਯੋਗਾਂ ਅਤੇ ਸਟੋਨ ਕਰਸ਼ਰਾਂ ਦੇ ਮਾਲਕਾਂ ਨੂੰ ਬੇਨਤੀ ਕੀਤੀ ਕਿ ਉਹ ਸੜਕ ਦੀ ਮਜ਼ਬੂਤੀ ਲਈ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਤਾਂ ਜੋ ਕੰਮ ਬੇਹਤਰ ਢੰਗ ਨਾਲ ਹੋ ਸਕੇ।

ਸ. ਰੰਧਾਵਾ ਨੇ ਸਥਾਨਕ ਨਿਵਾਸੀਆਂ ਅਤੇ ਪੈਦਲ ਚੱਲਣ ਵਾਲਿਆਂ ਨੂੰ ਕੁਝ ਮਹੀਨਿਆਂ ਲਈ ਧੀਰਜ ਰੱਖਣ ਦੀ ਬੇਨਤੀ ਕੀਤੀ ਗਈ ਹੈ ਤਾਂ ਜੋ ਸੜਕ ਦਾ ਨਵੀਨੀਕਰਨ ਸੁਚਾਰੂ ਤਰੀਕੇ ਨਾਲ ਪੂਰਾ ਹੋ ਸਕੇ।ਇਸ ਮੌਕੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ, ਪ੍ਰਮੁੱਖ ਸਖਸ਼ੀਅਤਾਂ ਤੇ ਆਮ ਆਦਮੀ ਪਾਰਟੀ ਦੇ ਸਥਾਨਕ ਆਗੂ ਤੇ ਵੱਡੀ ਗਿਣਤੀ ਚ ਸਥਾਨਕ ਲੋਕ ਮੌਜੂਦ ਸਨ।

# ਵਿਧਾਇਕ ਰੰਧਾਵਾ ਵੱਲੋਂ ਜ਼ੀਰਕਪੁਰ ਵਿਖੇ 274 ਕਰੋੜ ਰੁਪਏ ਦੀ ਲਾਗਤ ਨਾਲ ਬਿਜਲੀ ਸੁਧਾਰ ਕਾਰਜਾਂ ਦੀ ਸ਼ੁਰੂਆਤ

**● ਸ਼ਹਿਰ ਵਿੱਚ ਬਿਜਲੀ ਸਪਲਾਈ ਦਾ ਹੋਵੇਗਾ ਸੁਧਾਰ ● ਕਿਹਾ, ਭਗਵੰਤ ਸਿੰਘ ਮਾਨ ਸਰਕਾਰ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ**

**ਡੇਰਾਬੱਸੀ , ਸੰਜੀਵ ਸਿੰਘ ਸੈਣੀ,** ਡੇਰਾਬੱਸੀ ਹਲਕੇ ਦੇ ਐਮ.ਐਲ.ਏ. ਸ਼੍ਰੀ ਕੁਲਜੀਤ ਸਿੰਘ ਰੰਧਾਵਾ ਨੇ ਅੱਜ ਜ਼ੀਰਕਪੁਰ ਦੇ ਵੱਖ-ਵੱਖ ਹਿੱਸਿਆਂ ਵਿੱਚ ਲਗਭਗ 274 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਬਿਜਲੀ ਸੁਧਾਰ ਕਾਰਜਾਂ ਦੀ ਸ਼ੁਰੂਆਤ ਕੀਤੀ। ਐਮ.ਐਲ.ਏ. ਰੰਧਾਵਾ ਨੇ ਇਸ ਮੌਕੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਅਤੇ ਸ਼ਹਿਰਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਅਗਵਾਈ ਅਤੇ ਬਿਜਲੀ ਮੰਤਰੀ ਸੰਜੀਵ ਅਰੋੜਾ ਦੀ ਸਰਗਰਮ ਸੇਧ ਅਧੀਨ ਆਊਟੇਜ ਘਟਾਉਣ ਲਈ ਪੀ.ਐਸ.ਪੀ.ਸੀ.ਐਲ ਵੱਲੋਂ ਪੂਰੇ ਪੰਜਾਬ ਵਿੱਚ 5,000 ਕਰੋੜ ਦੇ ਕੰਮ-ਕਾਜ ਸ਼ੁਰੂ ਕੀਤੇ ਗਏ ਹਨ। ਇਸ ਤਹਿਤ ਜੀਰਕਪੁਰ (ਐਮ.ਸੀ. ਏਰੀਆ) ਵਿੱਚ 69.12 ਕਰੋੜ ਦੇ ਕੰਮ ਸ਼ੁਰੂ ਕੀਤੇ ਜਾ ਰਹੇ ਹਨ, ਜਿਸ ਵਿੱਚ ਨਵੇਂ ਫੀਡਰ, ਨਵੇਂ ਟਰਾਂਸਫਾਰਮਰ, ਛੋਟੇ ਟਰਾਂਸਫਾਰਮਾਂ ਨੂੰ ਵੱਡੇ ਕਰਨਾ ਸਬ-ਸਟੇਸ਼ਨਾਂ ਦੇ ਪਾਵਰ ਟਰਾਂਸਫਾਰਮਰ ਵੱਡੇ ਕਰਨਾ, ਪਰਾਣੀਆਂ ਤਾਰਾਂ ਨੂੰ ਬਦਲੀ ਕਰਨਾ ਆਦਿ ਸ਼ਾਮਿਲ ਹੈ। ਵਧੇਰੇ ਜਾਣਕਾਰੀ ਦਿੰਦੇ ਹੋਏ,



ਉਨ੍ਹਾਂ ਨੇ ਅੱਗੇ ਦੱਸਿਆ ਕਿ ਇਸ ਲੜੀ ਤਹਿਤ 11 ਕੇ.ਵੀ. ਪ੍ਰੀਤ ਕਾਲੋਨੀ, ਸੇਵਨ ਸਟਾਰ, ਸਵਿੱਤਰੀ ਗ੍ਰੀਨ, ਪੰਜਾਬ, ਸੁਖਨਾ, ਐਲਵਿਨ, ਪ੍ਰਿਥਮ ਅਤੇ ਅੰਬਾਲਾ ਰੋਡ ਫੀਡਰਾਂ ਨੂੰ ਦੋ ਹਿੱਸਿਆਂ (ਭਿੜੁਰਚਓਟਇ) ਵਿੱਚ ਵੰਡ ਕੇ ਕਰਕੇ ਨਵੇਂ 11 ਕੇ.ਵੀ ਜੀ.ਬੀ.ਐਮ., ਦਿਆਲਪੁਰਾ, ਗਰੀਨ ਵੈਲੀ ਅਤੇ ਕੋਸਮੋ ਫੀਡਰ ਚਾਲੂ ਕੀਤੇ ਗਏ ਹਨ, ਜਿਸ ਨਾਲ ਜ਼ੀਰਕਪੁਰ ਸ਼ਹਿਰ ਵਿੱਚ ਬਿਜਲੀ ਸਪਲਾਈ ਦਾ ਸੁਧਾਰ ਹੋਵੇਗਾ। ਜ਼ੀਰਕਪੁਰ (ਐਮ.ਸੀ) ਅਧੀਨ ਉਲੀਕੇ ਆਊਟੇਜ ਘਟਾਉਣ ਲਈ ਪਲਾਨ ਅਨੁਸਾਰ ਖਰਚ ਕੀਤੀ ਜਾਣ ਵਾਲੀ ਫੀਡਰ ਦੀ ਡੀ-ਲੋਡਿੰਗ ਤੇ 4.76 ਕਰੋੜ, ਨਵੇਂ ਟ੍ਰਾਂਸਫਾਰਮਰ ਦੀ ਵੰਡ ਤੇ 2.42 ਕਰੋੜ, ਟ੍ਰਾਂਸਫਾਰਮਰ ਦੀ ਆਗਮੈਂਟ ਵੰਡ ਤੇ 4.76 ਕਰੋੜ, ਨਵਾਂ 66ਕੇ.ਵੀ ਸਬਸਟੇਸ਼ਨ ਅਤੇ 220 ਕੇ.ਵੀ ਐਸ/ਐਸ. (ਸ਼/ਸ਼) ਏ.ਆਈ.ਐਸ (ਅੀਸ਼) 60.0/ਜੀ.ਆਈ.ਐਸ 180-200 ਕਰੋੜ, ਪਾਵਰ ਟ੍ਰਾਂਸਫਾਰਮਰ ਜੋੜ/ਵਧਾਉਣਾ 11.42 ਕਰੋੜ,66ਕੇ.ਵੀ. ਲਾਈਨ ਦਾ ਕੰਮ 14.01 ਕਰੋੜ,ਆਰ.ਡੀ.ਐਸ.ਐਸ.ਸਕੀਮ ਅਧੀਨ ਸੁਧਾਰ ਕਾਰਜ,57.18 ਕਰੋੜ ਦੀ ਲਾਗਤ ਨਾਲ ਕੀਤੇ ਜਾਣਗੇ। ਇਨ੍ਹਾਂ ਸਾਰੇ ਕੀਤੇ ਜਾਣ ਵਾਲੇ ਕਾਰਜਾਂ ਤੇ ਕੁੱਲ 274 ਕਰੋੜ ਰੁਪਏ ਖਰਚ ਹੋਣਗੇ। ਰੰਧਾਵਾ ਨੇ ਕਿਹਾ ਕਿ ਉਕਤ ਸਾਰੇ ਕੰਮਾਂ ਦੇ ਪੂਰਾ ਹੋਣ ਨਾਲ ਹਲਕੇ ਵਿੱਚ ਬਿਜਲੀ ਮਹਿਕਮੇ ਦੇ ਬੁਨਿਆਦੀ ਢਾਂਚੇ ਵਿੱਚ ਵੱਡਾ ਬਦਲਾਅ ਆਉਗਾ ਅਤੇ ਕਾਫੀ ਸੁਧਾਰ ਹੋਵੇਗਾ, ਜਿਸ ਨਾਲ ਆਊਟੇਜ ਘਟੇਗੀ ਅਤੇ ਲੋਕਾਂ ਨੂੰ ਵਧੀਆ ਕੁਆਲਟੀ ਅਤੇ ਠੀਕ ਵੋਲਟੇਜ ਦੀ ਸਪਲਾਈ ਦਿੱਤੀ ਜਾ ਸਕੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਹਰ ਪਿੰਡ ਜਾਂ ਸ਼ਹਿਰ ਵਿੱਚ ਸੁਚੱਜਾ ਬੁਨਿਆਦੀ ਢਾਂਚਾ, ਸਾਫ਼-ਸੁਥਰਾ ਵਾਤਾਵਰਣ ਅਤੇ ਬਿਹਤਰ ਸਹੂਲਤਾਂ ਪ੍ਰਦਾਨ ਕਰਨਾ ਹੈ ਤਾਂ ਜੋ ਪੰਜਾਬ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਦਾ ਲਾਭ ਜ਼ਮੀਨੀ ਪੱਧਰ ਮਿਲ ਸਕੇ।

ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦੀ ਨਿਗਰਾਨੀ ਵਿਭਾਗੀ ਅਧਿਕਾਰੀਆਂ ਦੁਆਰਾ ਨਿਯਮਿਤ ਤੌਰ ਤੇ ਕੀਤੀ ਜਾਵੇਗੀ ਤਾਂ ਜੋ ਹਰ ਪ੍ਰਾਜੈਕਟ ਉੱਚ ਗੁਣਵੱਤਾ ਅਤੇ ਨਿਰਧਾਰਿਤ ਸਮੇਂ ਅੰਦਰ ਪੂਰਾ ਹੋ ਸਕੇ।

# ਧਮ ਦੀਕਸ਼ਾ ਘਰ ਵਾਪਸੀ ਪ੍ਰੋਗਰਾਮ ਕੀਤਾ ਗਿਆ





**ਜਲੰਧਰ ( ਚਰਨਜੀਤ ਸੱਲ੍ਹਾਂ) ਨਮੋ ਬੁੱਧਾਏ ਜੈ ਗੁਰਦੇਵ ਜੈ ਭੀਮ ਸਾਥੀਓ** *** ਧੱਮ ਦੀਕਸ਼ਾ ਘਰ ਵਾਪਸੀ ਪ੍ਰੋਗਰਾਮ'ਤੇ ਕਨੇਡਾ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਸਾਡੇ ਬਹੁਤ ਹੀ ਸਤਿਕਾਰ ਯੋਗ ਬੁੱਧ ਧੱਮ ਉਪਾਸ਼ਕ ਓਸੋ ਰਾਜਕੁਮਾਰ ਅਤੇ ਸੁਪਤਨੀ, ਅਤੇ ਕੈਲਗਰੀ ਕਨੇਡਾ ਤੋਂ ਹੀ ਭੈਣ ਜੀ ਚੰਚਲ ਮੱਲ ਅਤੇ ਓਨਾ ਦੇ ਪਤੀ ਹਰਜਿੰਦਰ ਮੱਲ ਜੀ ਦਾ Dr B R Ambedkar imsison ( Ek madam pairvartan ik Ur) ਸੰਸਥਾ ਦੇ ਸਾਥੀਆਂ ਜਿਨ੍ਹਾਂ ਵਿਚ ਪ੍ਰਧਾਨ ਬੀਰਬਲ ਰੱਤੂ, ਬਲਵਿੰਦਰ ਬੈਰਗਾਮੋ, ਟੋਨੀ ਜੱਖੂ,ਜੱਸੀ ਫਗਵਾੜਾ,ਕੈਂਥ ਸਾਹਿਬ ਬਿਲਗਾ, ਤੇ ਹੋਰ ਬਹੁਤ ਸਾਰੇ ਸਾਥੀਆਂ ਨੇ ਉਨ੍ਹਾਂ ਦਾ ਬ੍ਰਗਾਮੋ ਕੈਂਥ ਨਿਵਾਸ ਪਹੁੰਚ ਤੇ ਵਿਸ਼ੇਸ਼ ਸਵਾਗਤ ਅਤੇ ਹਾਰ ਪਾ ਕਿ ਸਨਮਾਨਿਤ ਕੀਤਾ। ਬਾਬਾ ਸਾਹਿਬ ਅਤੇ ਸਾਮਾਜ ਦੇ ਬਾਕੀ ਮਹਾਂ ਪੁਰਸ਼ਾਂ ਦੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਲਈ ਵਿਚਾਰਾਂ ਕੀਤੀਆਂ ਗਈਆਂ,ਜਿਸ ਤੋਂ ਬਾਦ ਕਨੇਡਾ ਤੋਂ ਆਏ ਮਹਿਮਾਨਾਂ ਨੇ ਇਟਲੀ ਦੇ ਸਾਥੀਆਂ ਵਲੋਂ ਧੱਮ ਦੀਕਸ਼ਾ ਘਰ ਵਾਪਸੀ ਦੀ ਸ਼ਾਲਾਘਾ ਕੀਤੀ ਤੇ ਸੰਸਥਾ ਵੱਲੋਂ ਉਲੀਕੇ ਬਾਬਾ ਸਾਹਿਬ ਦਾ ਭਵਨ ਬਣਾ ਵਾਸਤੇ ਅਪਣਾ ਪੂਰਾ ਸਹਿਯੋਗ ਦੇਣ ਦਾ ਵੀ ਵਾਅਦਾ ਕੀਤਾ। ਇਸ ਦੀ ਜਾਣਕਾਰੀ ਭੈਣ ਚੰਚਲ ਮੱਲ ਕਨੇਡਾ ਜੀ ਨੇ ਫੋਨ ਤੇ ਦਿੱਤੀ।

# ਸਿੱਖ ਰਾਜ ਦੇ ਆਖਰੀ ਵਾਰਿਸ ਮਹਾਰਾਜਾ ਦਲੀਪ ਸਿੰਘ ਦੀ ਬਰਸੀ ਦੇ ਸਬੰਧ ਚ ਮਹਾਰਾਜਾ ਦਲੀਪ ਸਿੰਘ ਦੀ ਸਮਾਧ ਤੇ ਵਿਸ਼ਾਲ ਸ਼ਰਧਾਂਜਲੀ ਸਮਾਗਮ

**ਦੂਜੇ ਵਿਸ਼ਵ ਯੁੱਧ ਦੇ ਖਤਮ ਹੋਣ ਦੀ 80ਵੀਂ ਵਰੇਗੰਡ ਮੌਕੇ ਲਗਾਇਆ ਗਿਆ ਬੂਟਾ**





**ਟੈਟਫੋਰਡ ਵਿਖੇ ਮਹਾਰਾਜਾ ਦਲੀਪ ਸਿੰਘ ਦੀ ਬਰਸੀ ਸਮਾਗਮਾਂ ਮੌਕੇ ਮਹਾਰਾਜਾ ਦਲੀਪ ਸਿੰਘ ਦੇ ਸਮਾਧ ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਗਿਆਨੀ ਰਸਾਲ ਸਿੰਘ ਅਤੇ ਹੋਰ। ਅਤੇ ਵਿਸ਼ਵ ਯੁੱਧ ਦੀ 80ਵੀ ਵਰੇਗੰਡ ਮੌਕੇ ਬੂਟਾ ਲਗਾਉਂਦੇ ਹੋਏ ਆਗੂ।ਤਸਵੀਰਾਂ:- ਸੁਖਜਿੰਦਰ ਸਿੰਘ ਢੱਡੇ**

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)**-ਸਿੱਖ ਰਿਆਸਤ ਦੇ ਆਖਰੀ ਮਹਾਰਾਜਾ, ਮਹਾਰਾਜਾ ਦਲੀਪ ਸਿੰਘ ਦੀ ਬਰਸੀ ਮੌਕੇ ਯੂ.ਕੇ ਦੇ ਸ਼ਹਿਰ ਟੈਟਫੌਰਡ ਵਿਖੇ ਨੌਜੁਆਨ ਸਿੰਘ ਸਭਾ ਲਿਊਟਨ ਵੱਲੋਂ ਵਿਸ਼ਾਲ ਬਰਸੀ ਸਮਾਗਮ ਕਰਵਾਇਆ ਗਿਆ। ਟੈਟਫੋਰਡ ਫੋਰੈਸਟ ਵਿਖੇ ਦੂਜੇ ਵਿਸ਼ਵ ਯੁੱਧ ਦੇ ਖਤਮ ਹੋਣ ਦੀ 80ਵੀ ਵਰ੍ਹੇਗੰਢ ਮਨਾਉਂਦਿਆਂ ਰੁੱਖ ਲਗਾਇਆ ਗਿਆ ਤਾਂ ਜੋ ਸਿੱਖ ਸਿਪਾਹੀਆਂ ਦੀ ਬਹਾਦੁਰੀ ਅਤੇ ਨਿਸ਼ਕਾਮ ਸੇਵਾ ਨੂੰ ਯਾਦ ਰੱਖਿਆ ਜਾਵੇ, ਨੌਜੁਆਨ ਸੰਸਥਾ ਦੇ ਆਗੂ ਪ੍ਰਸਿੱਧ ਢਾਡੀ ਗਿਆਨੀ ਰਸਾਲ ਸਿੰਘ ਨੇ ਦੱਸਿਆ ਕਿ ਇਸ ਜਗ੍ਹਾ ਤੇ ਰੁੱਖ ਲਗਾਉਣ ਦੀ ਆਗਿਆ ਲੈਣ ਲਈ ਬਹੁਤ ਹੀ ਸੰਘਰਸ਼ ਕਰਨਾ ਪਿਆ। ਰੁੱਖ ਲਗਾਉਣ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਦੀ ਸਮਾਧ ਤੇ ਪਹੁੰਚ ਕੇ ਮਹਾਰਾਜਾ ਦਲੀਪ ਸਿੰਘ ਦੀ ਬਰਸੀ ਦੇ ਸਬੰਧ ਚ ਵਿਸ਼ਾਲ ਬਰਸੀ ਸਮਾਗਮ ਕਰਵਾਇਆ ਗਿਆ। ਜਿਸ ਦੌਰਾਨ ਗਿਆਨੀ ਰਸਾਲ ਸਿੰਘ ਦੇ ਢਾਡੀ ਜਥੇ ਸਮੇਤ ਵੱਖ ਵੱਖ ਪ੍ਰਚਾਰਕਾਂ ਨੇ ਢਾਡੀ ਵਾਰਾਂ ਰਾਹੀਂ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਤੇ ਚਾਨਣਾ ਪਾਇਆ। ਇਨ੍ਹਾਂ ਬਰਸੀ ਸਮਾਗਮਾਂ ਮੌਕੇ ਸਿੱਖ ਰਾਜ ਦੇ ਆਖਰੀ ਵਾਰਸ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਯਾਦ ਕਰਦਿਆਂ ਸਮਾਗਮ ਕਰਵਾਇਆ ਗਿਆ ਜਿਸ ਵਿਚ ਮਹਾਨ ਸ਼ਖਸ਼ੀਅਤਾ ਨੇ ਹਿੱਸਾ ਲਿਆ। ਇਸ ਦੌਰਾਨ ਢਾਡੀ ਰਸਾਲ ਸਿੰਘ ਚੋਹਲਾ ਸਾਹਿਬ ਵੱਲੋਂ ਮਹਾਰਾਜਾ ਦਲੀਪ ਸਿੰਘ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ, ਅਤੇ ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਵੱਲੋਂ ਖਾਲਸਾ ਰਾਜ ਦੀ ਗੱਲ ਕਰਨਾ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਹਮੇਸ਼ਾ ਯਾਦ ਕਰਦੇ ਰਹਿਣਾ ਬਾਰੇ ਚਰਚਾ ਹੋਈ ।ਇਸ ਮੌਕੇ ਨੌਜਵਾਨ ਸਿੰਘ ਸਭਾ ਲਿਊਟਨ,ਅਤੇ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ ਦੇ ਆਗੂਆਂ ਸਮੇਤ ਵੱਡੀ ਗਿਣਤੀ ਚ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ।

# ਪਿੰਡ ਸਰਹਾਲਾ ਰਾਣੂੰਆਂ ਵਿਖੇ ਸਾਬਕਾ ਸੈਕਟਰੀ ਅਜੀਤ ਸਿੰਘ ਰਾਣੂੰ ਨਮਿਤ ਹੋਇਆ ਸ਼ਰਧਾਂਜਲੀ ਸਮਾਗਮ

**ਬੰਗਾ (ਚਰਨਜੀਤ ਸੱਲ੍ਹਾਂ)** ਸਮਾਜ ਸੇਵਕ ਸਾਬਕਾ ਸੈਕਟਰੀ ਸ. ਅਜੀਤ ਸਿੰਘ ਰਾਣੂੰ ਜਿਹੜੇ ਪਿਛਲੇ ਦਿਨੀ ਸਦੀਵੀ ਵਿਛੋੜਾ ਦੇ ਗਏ ਸਨ ਨਮਿਤ ਰੱਖੇ ਗਏ ਪਾਠ ਦੇ ਭੋਗ ਉਹਨਾਂ ਦੇ ਪਿੰਡ ਸਰਹਾਲ ਰਾਣੂੰਆਂ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਪਾਏ ਗਏ । ਇਸ ਮੌਕੇ ਉਹਨਾਂ ਨਮਿਤ ਹੋਏ ਸ਼ਰਧਾਂਜ਼ਲੀ ਸਮਾਗਮ ਵਿਚ ਸ੍ਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ, ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ, ਰਾਜਾ ਅਟਵਾਲ ਸੀਨੀਅਰ ਆਗੂ ਫਿਲੌਰ, ਜਥੇਦਾਰ ਸਤਨਾਮ ਸਿੰਘ ਲਾਦੀਆਂ ਕਿਸਾਨ ਆਗੂ ਅਤੇ ਮਾਸਟਰ ਰਾਜਿੰਦਰ ਸ਼ਰਮਾ ਸੀਨੀਅਰ ਆਗੂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹੋਏ ਕਿਹਾ ਕਿ ਉਹ ਸਵ: ਸ. ਅਜੀਤ ਸਿੰਘ ਰਾਣੂੰ ਦੀ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਸਮੂਹ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ । ਬੁਲਾਰਿਆਂ ਨੇ ਕਿਹਾ ਕਿ ਆਪ ਜੀ ਨੇਕ ਰੂਹ ਵਾਲੀ ਧਾਰਮਿਕ ਅਤੇ ਸਮਾਜ ਸੇਵਕ ਸ਼ਖਸ਼ੀਅਤ ਸਨ । ਉਹਨਾਂ ਨੇ ਮਾਰਕੀਟ ਕਮੇਟੀ ਵਿਚ ਲੰਬਾ ਸਮਾਂ ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਪੰਜਾਬ ਦੇ ਵੱਖ ਵੱਖ ਸਥਾਨਾਂ ਆਪਣੀ ਡਿਊਟੀ ਨਿਭਾਈ ਸੀ । ਇਸ ਮੌਕੇ ਉਹਨਾਂ ਦੇ ਬੇਟੇ ਪ੍ਰੋਫੈਸਰ ਲਖਵੀਰ ਸਿੰਘ ਰਾਣੂੰ ਕੈਨੇਡਾ ਨੇ



ਸਾਬਕਾ ਸੈਕਟਰੀ ਅਜੀਤ ਸਿੰਘ ਰਾਣੂੰ ਨਮਿਤ ਹੋਏ ਸ਼ਰਧਾਜ਼ਲੀ ਸਮਾਗਮ ਵਿਚ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਪਤਵੰਤੇ ਸੱਜਣ ਅਤੇ ਇਕੱਤਰ ਸੰਗਤਾਂ।

ਪਰਿਵਾਰ ਵੱਲੋਂ ਸੰਗਤਾਂ ਦਾ ਧੰਨਵਾਦ ਕੀਤਾ । ਰਾਣੂੰ ਪਰਿਵਾਰ ਵੱਲੋਂ ਸਮਾਜ ਸੇਵਾ ਦੀ ਨਿਵੇਕਲੀ ਮਿਸਾਲ ਕਾਇਮ ਕਰਦੇ ਹੋਏ ਸਵ: ਅਜੀਤ ਸਿੰਘ ਰਾਣੂੰ ਦੀ ਨਿੱਘੀ ਅਤੇ ਮਿੱਠੀ ਯਾਦ ਵਿਚ ਧਾਰਮਿਕ ਅਸਥਾਨਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਦਾਨ ਵੀ ਦਿੱਤਾ । ਇਸ ਮੌਕੇ ਸ. ਅਮਰੀਕ ਸਿੰਘ ਰਾਣੂੰ (ਬੇਟਾ), ਸਮਾਜ ਸੇਵਕ ਸ. ਗੁਰਦੀਪ ਸਿੰਘ ਢਾਹਾਂ, ਸ. ਪਰਮਜੀਤ ਸਿੰਘ ਐਸ ਪੀ ਪੰਜਾਬ ਪੁਲੀਸ, ਸ੍ਰੀ ਅਮਰਜੀਤ ਕਲਸੀ, ਸ੍ਰੀ ਗੁਰਦੀਪ ਖੋਥੜਾ, ਸ. ਸੁਖਵਿੰਦਰ ਸਿੰਘ, ਡਾ. ਰਣਦੀਪ ਸਿੰਘ, ਪ੍ਰਿੰਸੀਪਲ ਜਸਬੀਰ ਸਿੰਘ, ਸ. ਬਲਜਿੰਦਰ ਸਿੰਘ ਹੈਪੀ ਕਲੇਰਾਂ, ਸ. ਰੇਸ਼ਮ ਸਿੰਘ ਸਾਬਕਾ ਸਰਪੰਚ ਘੁੰਮਣਾਂ, ਸ.ਪਰਮਿੰਦਰ ਸਿੰਘ ਬੋਇਲ, ਇੰਜੀਨੀਅਰ ਭੁਪਿੰਦਰ ਸਿੰਘ, ਇੰਜੀਨੀਅਰ ਚਰਨਜੀਤ ਸਿੰਘ, ਪ੍ਰੋਫੈਸਰ ਪ੍ਰਵੇਸ਼ ਸੂਦ, ਸ, ਗੁਰਨਾਮ ਸਿੰਘ ਢਾਹਾਂ ਤੋਂ ਇਲਾਵਾ ਵੱਖ ਵੱਖ ਧਾਰਮਿਕ, ਸਮਾਜਿਕ ਅਤੇ ਸਿਆਸੀ ਸ਼ਖਸ਼ੀਅਤਾਂ ਨੇ ਸ. ਅਜੀਤ ਸਿੰਘ ਰਾਣੂੰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ।

# ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ ਤੀਜਾ ਸਾਲ ਦਾ ਸ਼ਾਨਦਾਰ 100 ਫੀਸਦੀ ਨਤੀਜਾ

**ਬੰਗਾ (ਚਰਨਜੀਤ ਸੱਲ੍ਹਾਂ)** ਪੰਜਾਬ ਦੇ ਪੇਂਡੂ ਇਲਾਕੇ ਦੀ ਪ੍ਰਸਿੱਧ ਨਰਸਿੰਗ ਵਿਦਿਅਕ ਸੰਸਥਾ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ ਤੀਜਾ ਸਾਲ (ਪੰਜਵਾਂ ਸਮੈਸਟਰ) ਬੈਚ 2022-2026 ਦਾ ਸ਼ਾਨਦਾਰ ਸੌ ਫੀਸਦੀ ਨਤੀਜਾ ਆਇਆ ਹੈ । ਇਹ ਜਾਣਕਾਰੀ ਕਾਲਜ ਦੇ ਪ੍ਰਿੰਸੀਪਲ ਮੈਡਮ ਰਮਨਦੀਪ ਕੌਰ ਕੰਗ ਨੇ ਦਿੰਦੇ ਦੱਸਿਆ ਕਿ ਕਲਾਸ ਦੇ ਸਾਰੇ ਵਿਦਿਆਰਥੀ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਅਵੱਲ ਦਰਜੇ ਵਿਚ ਪਾਸ ਹੋਏ ਹਨ । ਕਲਾਸ ਵਿਚੋਂ ਪਹਿਲਾ ਸਥਾਨ ਅਮਨਪ੍ਰੀਤ ਕੌਰ ਰਾਏ ਪੁੱਤਰੀ ਸ੍ਰੀ ਹਰਵਿੰਦਰ ਸਿੰਘ- ਸ੍ਰੀਮਤੀ ਮਨਜੀਤ ਕੌਰ ਜ਼ਿਲ੍ਹਾ ਸ਼ਹੀਦ



ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ ਨਰਸਿੰਗ (ਤੀਜਾ ਸਾਲ) ਵਿੱਚੋਂ ਪਹਿਲਾ , ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।

ਭਗਤ ਸਿੰਘ ਨੇ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਕੀਤਾ । ਜਦ ਕਿ ਦੂਜਾ ਸਥਾਨ ਸੀਆ ਪੁੱਤਰੀ ਸ੍ਰੀ ਨਰਿੰਦਰ ਪਾਲ - ਸ੍ਰੀਮਤੀ ਰਿਸ਼ੀ ਰਾਵਲ ਨਵਾਂਸ਼ਹਿਰ ਨੇ ਅਤੇ ਤੀਜਾ ਸਥਾਨ ਸਿਮਰਨਜੀਤ ਕੌਰ ਪੁੱਤਰੀ ਸ੍ਰੀ ਕੁਲਦੀਪ ਚੰਦ- ਸ੍ਰੀਮਤੀ ਕਮਲੇਸ਼ ਕੁਮਾਰੀ ਸ੍ਰੀ ਅਨੰਦਪੁਰ ਸਾਹਿਬ ਨੇ ਪ੍ਰਾਪਤ ਕੀਤਾ । ਸ਼ਾਨਦਾਰ ਨਤੀਜੇ ਲਈ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਬੀ.ਐਸ.ਸੀ. ਨਰਸਿੰਗ ਤੀਜਾ ਸਾਲ (ਪੰਜਵਾਂ ਸਮੈਸਟਰ) ਦੇ ਸਮੂਹ ਨਰਸਿੰਗ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ । ਇਸ ਮੌਕੇ ਮੈਡਮ ਸੁਖਮਿੰਦਰ ਕੌਰ ਉੱਭੀ, ਮੈਡਮ ਮਨਿੰਦਰ ਕੌਰ, ਮੈਡਮ ਰੁਪਿੰਦਰ ਸ਼ਰਮਾ, ਮੈਡਮ ਕਿਰਨ ਬੇਦੀ, ਮੈਡਮ ਜਸਬੀਰ ਕੌਰ ਅਤੇ ਕਲਾਸ ਦੇ ਟੌਪਰ ਨਰਸਿੰਗ ਵਿਦਿਆਰਥੀ ਹਾਜ਼ਰ ਸਨ ।

# 42 ਲੱਖ ਦੀ ਲਾਗਤ ਨਾਲ ਬਣੇਗੀ ਬਹਾਦਰਪੁਰ ਤੋਂ ਬਸੀ ਗੁਲਾਮ ਹੁਸੈਨ ਨੂੰ ਜਾਣ ਵਾਲੀ ਸੜਕ - ਬ੍ਰਹਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਕਾਸ ਕਾਰਜਾਂ ਨੂੰ ਗਤੀ ਦਿੰਦੇ ਹੋਏ ਹੁਸ਼ਿਆਰਪੁਰ ਦੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਅਲਮਾਰੀ ਵਾਲੇ ਚੌਕ ਬਹਾ-ਦਰਪੁਰ ਵਿਖੇ ਬਹਾ-ਦਰਪੁਰ ਤੋਂ ਨਰਾਇਣ ਨਗਰ ਹੁੰਦੇ ਹੋਏ ਬਸੀ ਗੁਲਾਮ ਹੁਸੈਨ ਤੱਕ ਜਾਣ ਵਾਲੀ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਦੱਸਿਆ ਕਿ ਕਰੀਬ 42 ਲੱਖ ਰੁਪਏ ਦੀ ਲਾਗਤ ਨਾਲ ਇਹ ਸੜਕ ਤਿਆਰ ਕੀਤੀ ਜਾਵੇਗੀ ਜਿਸ ਨਾਲ ਸਥਾਨਕ ਨਿਵਾਸੀਆਂ ਨੂੰ ਆਉਣ-ਜਾਣ ਵਿਚ ਵੱਡੀ ਸੁਵਿਧਾ ਮਿਲੇਗੀ। ਵਿਧਾਇਕ ਜਿੰਪਾ ਨੇ ਕਿਹਾ ਕਿ ਇਸ ਸੜਕ ਦਾ ਨਿਰਮਾਣ ਕਾਰਜ ਪੂਰੀ ਗੁਣਵੱਤਾ ਅਤੇ ਪਾਰਦਰਸ਼ਤਾ ਨਾਲ ਕੀਤਾ ਜਾਵੇਗਾ ਅਤੇ ਕੰਮ ਵਿਚ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ



ਰਾਜ ਦੇ ਹਰ ਹਲਕੇ ਵਿਚ ਵਿਕਾਸ ਕਾਰਜਾਂ ਨੂੰ ਨਵੀਂ ਗਤੀ ਦੇ ਰਹੀ ਹੈ। ਲੋਕਾਂ ਦੀ ਸਹੂਲਤ ਲਈ ਅਧੂਰੇ ਪ੍ਰੋਜੈਕਟ ਪੂਰੇ ਕੀਤਾ ਜਾ ਰਹੇ ਹਨ ਅਤੇ ਨਵੇਂ ਪ੍ਰੋਜੈਕਟ ਵੀ ਤੇਜ਼ੀ ਨਾਲ ਸ਼ੁਰੂ ਕੀਤੇ ਜਾ ਰਹੇ ਹਨ।

## ਮਰ ਕੇ ਵੀ ਜੀਣ ਵਾਲੇ

ਜਾਂ ਰਾਹ ਪਿਆ ਜਾਣੀਏ ਜਾਂ ਵਾਹ ਪਿਆਂ
ਜਿੱਥੇ ਪਿੱਪਲ ਬਰੋਟੇ ਹੇਠ ,
ਤਾਸ਼ ਨਾ ਖੇਲ੍ਹ ਹੋਵੇ ।
ਕਿਸੇ ਸੰਗੀ ਸਾਥੀ ਨਾਲ ਵੀ ,
ਜੇ ਨਾ ਮੇਲ ਹੋਵੇ ।
ਦਿਲ ਵਿੱਚ ਸੋਚਿਆ ਸੀ ਕਿ ,
ਸ਼ਹਿਰ 'ਚ ਮੌਜਾਂ ਲੁੱਟਾਂਗੇ ;
ਐਪਰ ਏਥੇ ਲਗਦੈ ਜਿੱਦਾਂ ,
ਘਰ ਵੀ ਜੇਲ੍ਹ ਹੋਵੇ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਅੱਠ ਵਜੇ ਤੋਂ ਬਾਅਦ ਦੀ ਰਚਨਾ...

ਹਾਲ ਤਾਂ ਮਾੜਾ ਹਰ ਘਰਦਾ।
ਪਰ ਹਰ ਦੱਸਣ ਤੋਂ ਡਰਦਾ।
ਕਿਸਦੇ-ਕਿਸਦੇ ਕਰਜ਼ਈ ਆਂ,
ਤਾਣੀਂ ਬੈਠੇ ਨੇ ਪਰਦਾ।
ਸਭ ਤੋਂ ਸਸਤੀ ਚੱਟਣੀ ਸੀ,
ਓਹ ਤੋਂ ਵੀ ਹੁਣ ਸਭ ਡਰਦਾ।
ਤਿੰਨ ਸੌ ਮਟਰ ਫਲੀ ਹੋ ਗੇ,
ਅੱਸੀਆਂ 'ਤੇ ਬੈਂਗਣ ਤਰਦਾ।
ਮੂਲੀ ਵਿਕੇ ਪੰਜਾਹਾਂ ਨੂੰ,
ਲੈ ਜੋ ਜਿਸਦਾ ਨਈਂ ਸਰਦਾ।
ਜੀਰਾ,ਹਲਦੀ,ਮਿਰਚ,ਚਾਹ ਪੱਤੀ,
ਵਿੱਚ ਅਸਮਾਨੀਂ ਮੁੱਲ ਹਰ ਦਾ।
ਲੂਣ ਤਾਂ ਯਾਰੋ ਐਵੇਂ ਸੀ,
ਓਹ ਵੀ ਠੂੰਗੀ ਹੈ ਭਰਦਾ।
ਬਸ ਮਹਿੰਗਾਈ ਮਾਰ ਦਏ,
ਪਰ ਬੰਦਾ ਨ੍ਹੀਂ ਊਂ ਮਰਦਾ।



**ਜਸਵਿੰਦਰ ਪੰਜਾਬੀ**

## "ਤੂੰ"

ਦੱਸਾ ਕੀ ਮੈਂ ਤੇਰੇ ਮੇਰੇ ਪਿਆਰ ਵਾਲੀ ਗੱਲ,
ਜੱਗ ਦੀਆਂ ਦੌਲਤਾਂ ਤੋਂ ਪਾਰ ਵਾਲੀ ਗੱਲ।
ਇੱਕ ਦੂਜੇ ਲਈ ਜੋ ਆਪਾ,ਦਿਲੋ ਦਿਲੀਂ ਕਰਦੇ,
ਸੱਚੇ ਸੁੱਚੇ ਨੇਕ ਉਹ, ਪਿਆਰ ਵਾਲੀ ਗੱਲ।
ਰੂਹਾਂ ਰਾਹੀਂ ਰੂਹਾਂ ਨੂੰ ਜੋ, ਧੁਰ ਤੱਕ ਮਿਲਦਾ,
ਇੱਕ ਦੂਜੇ ਲਈ, ਸਤਿਕਾਰ ਵਾਲੀ ਗੱਲ।
ਦੂਣੀ ਦੇ ਪਹਾੜੇ ਵਾਂਗੂੰ,ਦੂਣਾ ਹੋ-ਹੋ ਫੱਬੇ,
ਭੋਲੇ ਜਿਹੇ ਚਿਹਰੇ ਤੇ,ਸ਼ਿੰਗਾਰ ਵਾਲੀ ਗੱਲ ।
ਸਾਦਗੀ ਪਸੰਦ ਲੈਂਦੀ, ਕਜਲੇ ਦੀ ਧਾਰੀ,
ਦੱਸਾ ਕੀ ਮੈਂ, ਭੋਲੇ ਜਿਹੇ, ਅੰਦਾਜ਼ ਵਾਲੀ ਗੱਲ।
ਗਲਤੀਆਂ ਮੇਰੀਆਂ ਨੂੰ, ਹੱਸ ਕੇ ਹੀ ਭੁੱਲ ਜਾਵੇ,
ਦੱਸਾ ਕੀ ਮੈਂ,ਉਹ, ਵੱਖਰੇ, ਅੰਦਾਜ਼ ਵਾਲੀ ਗੱਲ।
ਤੂੰ ਜ਼ਿੰਦਗੀ ਮੇਰੀ ਦੀ, ਹਰ ਖੁਸ਼ੀ ਦਾ ਅਗਾਜ਼ ਨੇ,
ਦੱਸਾ ਕੀ ਮੈਂ, ਤੇਰੇ ਉੱਤੇ ਮਾਣ ਵਾਲੀ ਗੱਲ।
ਤੇਰੇ ਨਾਮੇ,ਜ਼ਿੰਦਗੀ ਦਾ ਸਾਂਹ,ਹਰ ਲਾ ਦਿੱਤਾ,
ਕਦੇ ਵੀ ਨਾ ਕਰੀਂ,ਦੂਰ ਜਾਣ ਵਾਲੀ ਗੱਲ।
ਸੰਦੀਪ ਦੀਆਂ ਖੁਸ਼ੀਆਂ ਤੇ ਹੱਕ ਹੁਣ ਤੇਰਾ,
ਧੀ ਤੇ ਤੁਸੀਂ ਮੇਰੇ ਲਈ ਓ,ਮਾਣ ਵਾਲੀ ਗੱਲ।



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:-9815321017**

## ਅਖੌਤੀ ਧੁੰਦ

ਬੰਦੇ ਨੂੰ ਨਹੀਂ, ਦਿਸ ਰਿਹਾ ਬੰਦਾ,
ਇੱਥੇ ਜਾਤ-ਪਾਤ ਦੀ ਧੁੰਦ ਹੈ ਛਾਈ ।
ਛੂਤ-ਅਛੂਤ, ਕਰਨ ਜੋ ਮੰਨਣ ,
ਪੜ੍ਹ-ਲਿਖ ਕੇ ਵੀ,ਰਹੇ ਸ਼ੁਦਾਈਲ
ਸੁੱਚ-ਭਿੱਟ ਅਤੇ ਉਚ-ਨੀਚ ਦੀ,
ਕਰਾਵੇ ਅਖੌਤੀ,ਧਰਮ ਪੜ੍ਹਾਈ ।
ਹੈ ਕੇਹਾ,ਸਭਿਆਚਾਰ ਪੁਰਾਣਾ,
ਸਾਂਝ ਪਾਉਣ ਦੀ,ਕਰੇ ਮਨਾਹੀਲ
ਨੀਚ ਜਾਤ ਨੇ,ਨੀਚ ਹੀ ਰਹਿਣਾ,
ਦੱਸਣ ਇਹ ਨੇ,ਹੁਕਮ ਇਲਾਹੀ ।
ਜਾਤ ਨਾਲ,ਜਨਮ-ਕਰਮ ਜੋੜ ਕੇ,
ਹੈ ਪੱਕੀ ਗੱਲ,ਅਫ਼ਵਾਹ ਫੈਲਾਈ ।
ਜੇ ਅਜੇ ਵੀ ਇਹੋ,ਚੱਲਦਾ ਰਹਿਣਾ,
ਹੋਣੀ ਦੇਸ਼ ਸਾਡੇ ਦੀ,ਹੋਰ ਤਬਾਹੀ ।
ਜਸਵੀਰ ਮੋਰੋਂ,ਸੱਚ ਜਾਣ ਗਿਆ,
ਪਰਖਿਆ ਨਿੱਕਲੀ,ਝੂਠ ਪੜ੍ਹਾਈਲ



**ਜਸਵੀਰ ਮੋਰੋ**

## ਪਤਾ ਕੀ ਕਹਿੰਦੀ

ਕਹਿੰਦੀ,
ਲਿਖਣਾ ਛੱਡ ਦੇ ।
ਮੈਂ ਕਿਹਾ ,
ਜਜਬਾਤੀ ਐ।
ਕਹਿੰਦੀ ,
ਮਿਲਣੇ ਨੂੰ ਤਰਸੇ ਗਾ ।
ਮੈਂ ਕਿਹਾ ,
ਉਮਰਾਂ ਦੇ ਸਾਥੀ ਐ।
ਕਹਿੰਦੀ,
ਮੇਰੀ ਤੇਥੋਂ ਪਿਆਸ ਨਹੀ ਬੁਝਣੀ।
ਮੈਂ ਕਿਹਾ ,
ਤੈਨੂੰ ਵੀ ਕੋਈ ਗੱਲ ਨਹੀ ਸੁਝੱਣੀ।
ਕਹਿੰਦੀ,
ਮੈ ਰੱਤ ਨਿਚੋੜ ਦੀ ਹਾ।
ਮੈਂ ਕਿਹਾ ,
ਜ਼ੁਲਮ ਦਾ ਮੂੰਹ ਵੀ ਮੋੜਦੀ ਹਾ।
ਕਹਿੰਦੀ,
ਮੇਰਾ ਚੇਤਾ ਭੁੱਲ ਜਾਹ।
ਮੈਂ ਕਿਹਾ ,
ਤੂੰ ਮੇਰੇ ਜਿਸਮ ਚ ਘੁੱਲ ਜਾਹ।
ਕਹਿੰਦੀ,
ਮੈਂ ਤੈਥੋਂ ਵੱਖ ਨਹੀ ਹੋਣੀ।
ਮੈ ਕਿਹਾ ,
ਮੈ ਤੇਰੇ ਬਾਜੋ ਸੱਖਣਾਂ।
ਕਹਿੰਦੀ,
ਮੇਰੀ ਪ੍ਰੀਤ ਇਲਾਹੀ ਐ।
ਮੈਂ ਕਿਹਾ ,
ਮੈਂ ਵੀ ਤੇਰਾ ਮਾਹੀ ਐ।
ਕਹਿੰਦੀ,
ਮਰ ਜਾਣਿਆ ਸ਼ਾਇਰਾਂ ।
ਕਦੇ ਦੂਰ ਨਾ ਹੋਵੀ,
ਮੈਂ ਕਿਹਾ ,
ਸੌਂਹ ਤੇਰੀ ਮਾਹੀਂ ਤੂੰ,
ਮਜਬੂਰ ਨਾ ਹੋਵੀ ।
ਪਤਾ ਏਹ ਕੌਣ ਸੀ ?
ਮੈਂ ਤੇ ਮੇਰੀ ਕਲਮ ਸੀ,
ਰਾਤੀ ਅਸੀਂ ਗੱਲਾ ਕਰੀਆਂ ।
ਕੁੱਝ ਸੱਚੀਆ ਸਨ,
ਕੁੱਝ ਕੋਰੀਆਂ ਤੇ ਕੁਝ ਖਰੀਆਂ ।



**ਮਰਜਾਣਾ ਸ਼ਾਇਰ**

## ਵਰ੍ਹੇਗੰਢ ਮੁਬਾਰਕ



ਸੰਦੀਪ ਸਿੰਘ ਬਖੋਪੀਰ ਅਤੇ ਕੁਲਵਿੰਦਰ ਕੌਰ ਬਖੋਪੀਰ ਭਵਾਨੀਗੜ੍ਹ ਸੰਗਰੂਰ ਨੂੰ ਸੱਤਵੀਂ ਵਿਆਹ ਵਰ੍ਹੇਗੰਢ ਦੀਆਂ ਸ਼ੁਭਕਾਮਨਾਵਾਂ।

# ਨਵੀਂ ਪੀੜ੍ਹੀ ਦੇਸ਼ ਨੂੰ ਕੁਰੀਤੀਆਂ ਤੋਂ ਆਜ਼ਾਦ ਕਰਵਾਉਣ ਦੇ ਯਤਨ ਕਰੇ – ਬਲਜਿੰਦਰ ਮਾਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਨਵੀਂ ਪੀੜੀ ਦੇਸ਼ ਨੂੰ ਕੁਰੀਤੀਆਂ ਤੋਂ ਆਜ਼ਾਦ ਕਰਵਾਉਣ ਦੇ ਯਤਨ ਕਰੇ। ਇਹ ਵਿਚਾਰ ਇੰਡੀਆ ਬੁੱਕ ਆਫ ਰਿਕਾਰਡਸ ਵਿੱਚ ਦਰਜ ਪੰਜਾਬੀ ਦੇ ਇੱਕੋ ਇੱਕ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਅਤੇ ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ ਨੇ ਸਕੂਲ ਆਫ ਐਮੀਨੈਂਸ ਖੁਆਸਪੁਰ ਹੀਰਾਂ ਵਿਖੇ ਐਨਐਸਐਸ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਆਖੇ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਨੂੰ ਆਜ਼ਾਦ ਹੋਇਆ ਸੱਤ ਅੱਠ ਦਹਾਕੇ ਬੀਤ ਚੁੱਕੇ ਨੇ ਪਰ ਦੇਸ਼ ਵਿੱਚ ਅਜ ਵੀ ਗਰੀਬੀ, ਬੇਕਾਰੀ, ਭੁੱਖਮਰੀ, ਜਾਤ ਪਾਤ ਅਤੇ ਮਜ਼੍ਹਬੀ ਕੱਟੜਤਾ ਦਾ ਬੋਲ ਬਾਲਾ ਹੈ। ਇਥੋਂ ਇਹ ਸਿੱਧ ਹੁੰਦਾ ਹੈ ਕਿ ਸਾਨੂੰ ਸਭ ਨੂੰ ਇੱਕਜੁਟ ਹੋ ਕੇ ਇੱਕ ਹੋਰ ਆਜ਼ਾਦੀ ਦੀ ਜੰਗ ਲੜਨੀ ਪੈਣੀ ਹੈ ਜਿਸ ਵਿੱਚ ਨਵੀਂ ਪੀਊੜੀ ਵਿਸ਼ੇਸ਼ ਭੂਮਿਕਾ ਅਦਾ ਕਰ ਸਕਦੀ ਹੈ। ਉਨ੍ਹਾਂ ਵਲੰਟੀਅਰਜ਼ ਨੂੰ ਕਿਹਾ ਕਿ ਐਨਐਸਐਸ ਦੇ ਮੈਂਬਰ ਬਣ ਕੇ ਤੁਸੀਂ ਦੇਸ਼ ਕੌਮ ਦੇ ਨਵ ਨਿਰਮਾਣ ਵਿੱਚ ਅਹਿਮ ਯੋਗਦਾਨ ਪਾ ਸਕਦੇ ਹੋ। ਦੇਸ਼ ਵਿੱਚ ਵਰਤ ਰਹੇ ਵਰਤਾਰਿਆਂ ਨੂੰ ਮੋੜਾ ਦੇਣ ਦੀ ਸਮਰੱਥਾ ਨਵੀਂ ਪਨੀਰੀ ਦੇ ਹੱਥ ਵਿੱਚ ਹੈ। ਇਸ ਲਈ ਉਨ੍ਹਾਂ ਨੂੰ ਆਪਣੇ ਅੰਦਰ ਦ੍ਰਿੜ ਨਿਸ਼ਚਾ,ਮਿਹਨਤ, ਲਗਨ, ਕਿਰਤ, ਸਾਂਝੀਵਾਲਤਾ, ਸਮਤਾ, ਇਮਾਨਦਾਰੀ ਅਤੇ ਹਿੰਮਤ ਵਰਗੇ ਗੁਣ ਭਰਨੇ ਪੈਣਗੇ। ਇਹਨਾਂ ਗੁਣਾਂ ਸਦਕਾ ਹੀ ਉਹ ਇੱਕ ਉਦਾਹਰਨ ਬਣ ਕੇ ਦੇਸ਼ ਨੂੰ ਨਵੀਆਂ ਲੀਹਾਂ ਪ੍ਰਦਾਨ ਕਰ ਸਕਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਨਰੋਈਆਂ ਪੁਸਤਕਾਂ ਪੜ੍ਹਨ, ਚੰਗੀ ਸੰਗਤ, ਸਹਿਣਸ਼ੀਲ, ਆਗਿਆਕਾਰੀ ਅਤੇ ਮਿੱਠੀ ਬੋਲ- ਬਾਣੀ ਦੇ ਧਾਰਨੀ ਬਣਨ ਲਈ ਵੀ ਪ੍ਰੇਰਿਤ ਕੀਤਾ। ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਬੈਸਟ ਵਲੰਟੀਅਰ ਵੰਸ਼ਿਕਾ ,ਅਮਿਤ ਕੁਮਾਰ, ਕੋਮਲ, ਰਾਜਵੀਰ ਸਿੰਘ ਅਤੇ ਗੌਤਮ ਨੂੰ ਪੁਸਤਕਾਂ ਦੇ ਸੈਟਾਂ ਨਾਲ ਨਿਵਾਜਿਆ। ਇਸੇ ਤਰ੍ਹਾਂ ਸਕੂਲ ਲਾਇਬ੍ਰੇਰੀ ਵਾਸਤੇ ਪੁਸਤਕਾਂ ਦਾ ਸੈੱਟ ਪ੍ਰਿੰਸੀਪਲ ਰਮਨਦੀਪ ਕੌਰ ਨੂੰ ਪ੍ਰਦਾਨ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਮੈਗਜ਼ੀਨ ਦੀਆਂ ਕਾਪੀਆਂ ਵੱਡੀਆਂ ਗਈਆਂ। ਬੈਸਟ ਟੀਮ ਸਪਿਰਟ ਦਾ ਅਵਾਰਡ ਰੈਡ ਗਰੁੱਪ ਨੂੰ ਅਤੇ ਬੈਸਟ ਸਪੀਕਰ ਦਾ ਇਨਾਮ ਮਨਦੀਪ ਸਿੰਘ ਅਤੇ ਸ਼ਿਫਾ ਨੂੰ ਮਿਲਿਆ।ਇਸ ਮੌਕੇ ਐਨਐਸਐਸ ਕੈਂਪ ਦੌਰਾਨ ਵਧੀਆ ਕਾਰਜ ਕਰਨ ਵਾਲੇ ਵਲੰਟੀਅਰਸ ਨੂੰ ਸਰਟੀਫਿਕੇਟ ਵੀ ਵੰਡੇ ਗਏ।

ਇਸ ਮੌਕੇ ਐਨਐਸਐਸ ਦੀ ਪ੍ਰੋਗਰਾਮ ਅਫ਼ਸਰ ਸੁਖਜੀਤ ਕੌਰ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਉਹਨਾਂ ਲਈ ਅੱਜ ਬਹੁਤ ਮਾਣ ਵਾਲੀ ਗੱਲ ਹੈ ਕਿ ਐਨਐਸਐਸ ਵਲੰਟੀਅਰ ਵਜੋਂ ਆਪਣੇ ਜੀਵਨ ਦੀ ਸ਼ੁਰੂਆਤ ਕਰਨ ਵਾਲੇ ਉੱਘੇ ਦੇਸ਼ ਪ੍ਰੇਮੀ, ਲੇਖਕ, ਸੰਪਾਦਕ ਅਤੇ ਪੱਤਰਕਾਰ ਵਿਦਿਆਰਥੀਆਂ ਦੇ ਰੂਬਰੂ ਹੋ ਰਹੇ ਹਨ। ਸਾਨੂੰ ਉਨ੍ਹਾਂ ਦੇ ਤਜਰਬਿਆਂ ਤੋਂ ਸਿੱਖਿਆ ਲੈ ਕੇ ਸਮਾਜ ਵਿਚ ਸਨਮਾਨਯੋਗ ਸਥਾਨ ਪ੍ਰਾਪਤ ਕਰਨਾ ਚਾਹੀਦਾ ਹੈ। ਪ੍ਰਿੰਸੀਪਲ ਰਮਨਦੀਪ ਕੌਰ ਨੇ ਬਲਜਿੰਦਰ ਮਾਨ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੀਆਂ ਸ਼ਖਸ਼ੀਅਤਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਪ੍ਰੇਰਨਾ ਦਾ ਸਰੋਤ ਹਨ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸਿੱਖਿਆ, ਸਾਹਿਤ, ਕਲਾ, ਸੱਭਿਆਚਾਰ, ਖੇਡਾਂ ਅਤੇ ਸਮਾਜ ਸੇਵਾ ਦੇ ਲੇਖੇ ਲਾਇਆ ਹੈ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਸਿੱਖਿਆ ਵਿਭਾਗ ਯੋਧਾ ਮੱਲ ਅਤੇ ਕਾਰਪੋਰੇਸ਼ਨ ਸਵੱਛਤਾ ਅਧਿਕਾਰੀ ਮੈਡਮ ਮੀਨਾ ਕੁਮਾਰੀ ਉਚੇਚੇ ਤੌਰ ਤੇ ਹਾਜ਼ਰ ਹੋਏ। ਵਲੰਟੀਅਰ ਸਨਮਾਨ ਸਮਾਰੋਹ ਦੇ ਪ੍ਰਬੰਧਾਂ ਨੂੰ ਸ਼ਾਨਦਾਰ ਢੰਗ ਨਾਲ ਸੰਚਾਲਿਤ ਕਰਨ ਵਿੱਚ ਲੈਕਚਰਾਰ ਸਟਾਫ ਮੈਂਬਰ ਕੁਲਵੀਰ ਕੌਰ, ਪ੍ਰੀਤੀ ਸੋਨੀ, ਮੀਨਾਕਸ਼ੀ, ਸਰੀਤਾ, ਹਰਜਿੰਦਰ ਸਿੰਘ, ਅਮਨਦੀਪ ਕੌਰ, ਸੰਦੀਪ ਕੌਰ, ਰਾਜਵਿੰਦਰ ਕੌਰ ਆਦਿ ਨੇ ਭੂਮਕਾ ਅਦਾ ਕੀਤੀ। ਸਭ ਦਾ ਧੰਨਵਾਦ ਕਰਦਿਆਂ ਐਨਐਸਐਸ ਯੂਨਿਟ ਦੀ ਪ੍ਰੋਗਰਾਮ ਅਫ਼ਸਰ ਸੁਖਜੀਤ ਕੌਰ ਨੇ ਕਿਹਾ ਕਿ ਸਾਨੂੰ ਸਭ ਨੂੰ ਆਪੋ ਆਪਣੀ ਜ਼ਿਮੇਵਾਰੀ ਬਾਖ਼ੂਬੀ ਨਿਭਾਉਣੀ ਚਾਹੀਦੀ ਹੈ।

# ਬਸਪਾ ਆਗੂ ਲੇਖ ਰਾਜ ਕੁਲਥਮ ਦੇ ਮਾਤਾ ਜੀ ਦੇ ਦਿਹਾਂਤ ਤੇ ਬਸਪਾ ਆਗੂ ਪ੍ਰਵੀਨ ਬੰਗਾ ਪੁੱਜੇ





**ਬੰਗਾ (ਚਰਨਜੀਤ ਸੱਲ੍ਹਾਂ )** ਪਿੰਡ ਕੁਲਥਮ ਤੋਂ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ ਤੇ ਪੱਤਰਕਾਰ ਲੇਖ ਰਾਜ ਕੁਲਥਮ ਜੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੇ ਮਾਤਾ ਰਤਨੀ ਅਕਾਲ ਚਲਾਣਾ ਕਰ ਗਏ ਇਸ ਦੁਖਦਾਇਕ ਸਮੇਂ ਦੇ ਵਿੱਚ ਬਸਪਾ ਜਨਰਲ ਸਕੱਤਰ ਪ੍ਰਵੀਨ ਬੰਗਾ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਿੰਡ ਕੁਲਥਮ ਸਾਥੀਆਂ ਸਮੇਤ ਪਹੁੰਚੇ ਪੁੱਜੇ । ਪ੍ਰਵੀਨ ਬੰਗਾ ਹਰੇਕ ਵਰਕਰ ਦੇ ਘਰ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ ਅਤੇ ਵਰਕਰਾਂ ਦੇ ਦੁੱਖ ਸੁੱਖ ਸ਼ਾਮਲ ਹੁੰਦੇ ਹਨ ਇਸ ਮੌਕੇ ਤੇ , ਮਲਕੀਤ ਮੰਢਾਲੀ ਮੁਲਾਜਮ ਆਗੂ, ਬਸਪਾ ਆਗੂ ਰਾਕੇਸ਼ ਕੁਮਾਰ ਕੁਲਥਮ , ਪੁਰਾਣੇ ਬਸਪਾ ਆਗੂ ਗਿਰਧਾਰੀ ਲਾਲ ਜੀ , ਲਛਮਣ ਦਾਸ ਜੀ ਹਾਜ਼ਰ ਸਨ।

# ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੀ ਸੇਵਾ ਭਵਿੱਖ ਵਿੱਚ ਵੀ ਜਾਰੀ ਰਹੇਗੀ : ਤਰੁਣ ਚਾਵਲਾ

## ਆਸ਼ਾ ਕਿਰਨ ਸਕੂਲ ਵਿਖੇ ਲਗਾਏ ਗਏ ਮੁਫਤ ਮੈਡੀਕਲ ਕੈਂਪ ਵਿੱਚ 500 ਲੋਕਾਂ ਨੇ ਚੈੱਕਅੱਪ ਕਰਵਾਇਆ



**ਹੁਸ਼ਿਆਰਪੁਰ (ਤਰਸੇਮ ਦੀਵਾਨਾ) –** ਵਰਧਮਾਨ ਯਾਰਨਜ਼ ਐਂਡ ਥ੍ਰੈਡਸ ਕੰਪਨੀ ਵੱਲੋਂ ਵਰਲਡ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਦੇ ਸਹਿਯੋਗ ਨਾਲ ਜੇ ਐਸ ਐਸ ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਵਿਖੇ 30ਵਾਂ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ, ਜਿੱਥੇ ਕੈਂਸਰ, ਸ਼ੂਗਰ, ਬੀਪੀ, ਬੀਐਮਡੀ ਅਤੇ ਮੈਮੋਗ੍ਰਾਫੀ ਦੇ ਟੈਸਟ ਕੀਤੇ ਗਏ। ਕੈਂਪ ਦੌਰਾਨ ਲਗਭਗ 500 ਲੋਕਾਂ ਦਾ ਚੈੱਕਅੱਪ ਅਤੇ ਟੈਸਟ ਕੀਤਾ ਗਿਆ। ਮੁਫ਼ਤ ਅੱਖਾਂ ਦੀ ਜਾਂਚ ਵੀ ਕੀਤੀ ਗਈ ਅਤੇ ਲੋੜਵੰਦਾਂ ਨੂੰ ਐਨਕਾਂ ਵੀ ਵੰਡੀਆਂ ਗਈਆਂ। ਕੈਂਪ ਦਾ ਉਦਘਾਟਨ ਵਰਧਮਾਨ ਕੰਪਨੀ ਦੇ ਸੀਐਫਓ ਡਾਇਰੈਕਟਰ ਤਰੁਣ ਚਾਵਲਾ ਅਤੇ ਸੀਐਸਆਰ ਸਲਾਹਕਾਰ ਪ੍ਰਦੀਪ ਕੇ. ਡਡਵਾਲ ਨੇ ਕੀਤਾ। ਇਸ ਮੌਕੇ ਤਰੁਣ ਚਾਵਲਾ ਨੇ ਦੱਸਿਆ ਕਿ ਆਸ਼ਾ ਕਿਰਨ ਸਪੈਸ਼ਲ ਸਕੂਲ ਵਿਖੇ ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਸਹਿਯੋਗ ਨਾਲ ਲਗਾਏ ਗਏ ਇਸ ਕੈਂਪ ਨੇ ਜਨਤਾ ਨੂੰ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕੀਤੀਆਂ ਹਨ, ਅਤੇ ਉਹ ਭਵਿੱਖ ਵਿੱਚ ਵੀ ਉਨ੍ਹਾਂ ਦੀ ਸੇਵਾ ਕਰਦੇ ਰਹਿਣਗੇ। ਕੈਂਪ ਨੇ ਕੈਂਸਰ ਬਾਰੇ ਜਾਗਰੂਕਤਾ ਪੈਦਾ ਕੀਤੀ ਹੈ ਅਤੇ ਇਸਦੀ ਰੋਕਥਾਮ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਕੈਂਪ ਵਿੱਚ ਕੀਤੇ ਜਾਣ ਵਾਲੇ ਸਾਰੇ ਟੈਸਟ ਮੁਫ਼ਤ ਹਨ, ਜੋ ਕਿ ਅਕਸਰ ਬਾਹਰੀ ਲੈਬਾਂ ਵਿੱਚ ਮਹਿੰਗੇ ਹੁੰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਕੈਂਪ ਵਿੱਚ ਕੀਤੇ ਗਏ ਟੈਸਟਾਂ ਨੇ ਲੋਕਾਂ ਨੂੰ ਆਪਣੀ ਸਿਹਤ ਬਾਰੇ ਸਮਝ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਹੈ, ਜਿਸ ਨਾਲ ਉਹ ਭਵਿੱਖ ਵਿੱਚ ਬਿਮਾਰੀ ਨਾਲ ਲੜਨ ਲਈ ਇਲਾਜ ਪ੍ਰਾਪਤ ਕਰ ਸਕਦੇ ਹਨ। ਕੈਂਪ ਦੌਰਾਨ ਮਰੀਜ਼ਾਂ ਨੂੰ ਦਵਾਈਆਂ ਵੀ ਵੰਡੀਆਂ ਗਈਆਂ। ਇਸ ਮੌਕੇ 'ਤੇ ਮੈਨੇਜਿੰਗ ਡਾਇਰੈਕਟਰ ਡਾ. ਧਰਮਿੰਦਰ ਢਿੱਲੋਂ ਨੇ ਵੀ ਜਾਣਕਾਰੀ ਸਾਂਝੀ ਕੀਤੀ। ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਸਰਪ੍ਰਸਤ ਪਰਮਜੀਤ ਸਿੰਘ ਸਚਦੇਵਾ ਨੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਕੈਂਪ ਦਾ ਸਮਰਥਨ ਕਰਦੇ ਰਹਿਣਗੇ। ਇਸ ਮੌਕੇ 'ਤੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ, ਜਨਰਲ ਸਕੱਤਰ ਕਰਨਲ ਗੁਰਮੀਤ ਸਿੰਘ, ਮਸਤਾਨ ਸਿੰਘ ਗਰੇਵਾਲ, ਰਾਮ ਆਸਰਾ, ਹਰਮੇਸ਼ ਤਲਵਾੜ, ਲੋਕੇਸ਼ ਖੰਨਾ, ਪ੍ਰਿੰਸੀਪਲ ਸ਼ੈਲੀ ਸ਼ਰਮਾ, ਕੈਂਪ ਕੋਆਰਡੀਨੇਟਰ ਪੂਜਾ ਮਾਹੀ, ਡਾ. ਜਸਪ੍ਰੀਤ ਸਿੰਘ, ਡਾ. ਮਨਦੀਪ, ਡਾ. ਅਮਰਪ੍ਰੀਤ ਕੌਰ, ਡਾ. ਪ੍ਰਭਜੋਤ ਕੌਰ, ਡਾ. ਸੁਖਦੇਵ ਅਤੇ ਹੋਰ ਟੀਮ ਮੈਂਬਰ ਹਾਜ਼ਰ ਸਨ !

**ਫੋਟੋ ਅਜਮੇਰ ਦੀਵਾਨਾ**

# ਗ੍ਰਾਮ ਪੰਚਾਇਤ ਛੋਕਰਾਂ ਵਲੋਂ ਲਗਾਏ ਗਏ ਕੈਂਪ ਦੌਰਾਨ 54 ਮਰੀਜਾਂ ਦਾ ਚੈੱਕ-ਅੱਪ

**ਫਿਲੌਰ/ਅੱਪਰਾ (ਦੀਪਾ)-** ਕਰੀਬੀ ਪਿੰਡ ਛੋਕਰਾਂ ਵਿਖੇ ਗ੍ਰਾਮ ਪੰਚਾਇਤ ਵਲੋਂ ਸੇਠ ਹਸਪਤਾਲ ਸੇਠ ਆਈ ਹਸਪਤਾਲ ਮੁਕੰਦਪੁਰ ਰੋਡ ਬੰਗਾ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ । ਇਸ ਮੌਕੇ ਡਾ. ਸੇਠ ਦੀ ਅਗਵਾਈ ਹੇਠ ਮਾਹਿਰ ਡਾਕਟਰਾਂ ਦੀ ਟੀਮ ਨੇ 54 ਮਰੀਜਾਂ ਦਾ ਚੈੱਕ-ਅੱਪ ਕੀਤਾ । ਇਸ ਦੌਰਾਨ 14 ਮਰੀਜਾਂ ਨੂੰ ਐਨਕਾਂ ਦਿੱਤੀਆਂ ਗਈਆਂ । 4 ਮਰੀਜਾਂ ਨੂੰ ਮੁਫਤ ਦਵਾਈ ਦਿੱਤੀ ਗਈ ਤੇ 7 ਮਰੀਜਾਂ ਨੂੰ ਕਾਲੇ ਤੇ ਚਿੱਟੇ ਮੋਤੀਏ ਦੇ ਆਪ੍ਰੇਸ਼ਨ ਦੀ ਸਲਾਹ ਦਿੱਤੀ ਗਈ । ਇਸ ਮੌਕੇ ਸਰੰਪਚ ਐਡਵੋਕੇਟ ਕ੍ਰਿਪਾਲ ਸਿੰਘ ਪਾਲੀ ਵਲੋਂ ਆਈ ਹੋਈ ਮਾਹਿਰ ਡਾਕਟਰਾਂ ਦੀ ਟੀਮ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ । ਕੈਂਪ ਦੌਰਾਨ ਸਰਪੰਚ ਐਡਵੋਕੇਟ ਕ੍ਰਿਪਾਲ ਸਿੰਘ ਪਾਲੀ, ਮੁਖ਼ਤਿਆਰ ਰਾਮ ਪੰਚ, ਬੀਬੀ ਛਿੰਦੋ ਪੰਚ, ਜਤਿੰਦਰਜੀਤ ਕੌਰ ਪੰਚ, ਕਿਰਨਜੀਤ ਕੌਰ ਪੰਚ ਤੇ ਹੋਰ ਮੋਹਤਬਰ ਹਾਜ਼ਰ ਸਨ ।



# ਗੁਰਬਾਣੀ ਕੰਠ ਮੁਕਾਬਲੇ ਵਿੱਚ ਕਿਰਨਦੀਪ ਕੌਰ ਸਹੂੰਗੜਾ ਨੇ ਮਾਰੀ ਬਾਜ਼ੀ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਗੁਰੂ ਰਾਮਦਾਸ ਗੁਰਮਤਿ ਸੇਵਾ ਸੁਸਾਇਟੀ ਪਿੰਡ ਕਿਸਨਪੁਰ ਭਰਥਲਾ ਅਤੇ ਬਾਜ਼ ਖਾਲਸਾ ਗੱਤਕਾ ਕਲੱਬ ਰੋਪੜ ਵਲੋਂ ਦੂਸਰਾ ਵਿਰਸਾ ਸੰਭਾਲ ਗੁਰਮਤਿ ਮੁਕਾਬਲਾ ਗੁਰਦੁਆਰਾ ਸਿੰਘ ਸਭਾ ਪਿੰਡ ਕਿਸ਼ਨਪੁਰਾ ਜਿਲ੍ਹਾ ਰੋਪੜ ਵਿਖੇ ਕਰਵਾਇਆ ਗਿਆ। ਜਿਸ ਵਿਚ ਇਲਾਕੇ ਦੇ ਪਿੰਡਾਂ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲੈ ਰਹੇ, ਕੀਰਤਨ ਸਿੱਖ ਰਹੇ ਬੱਚਿਆਂ ਦੀ ਧਾਰਮਿਕ ਪ੍ਰੀਖਿਆ ਦੇ ਨਾਲ ਨਾਲ ਗੁਰਬਾਣੀ ਕੰਠ ਮੁਕਾਬਲਿਆਂ ਦਾ ਪੂਰੇ ਉਤਸ਼ਾਹ ਨਾਲ ਆਯੋਜਨ ਕਰਵਾਇਆ ਗਿਆ। ਜਿਸ ਵਿੱਚ ਕਈ ਪਿੰਡਾਂ ਦੇ ਬੱਚਿਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਵਿੱਚ ਇਲਾਕੇ ਦੇ ਨਾਮਵਰ ਪਿੰਡ ਸਹੂੰਗੜਾ ਦੇ ਬੱਚੇ ਜੋ ਕਰੀਬ ਇਕ ਮਹੀਨੇ ਤੋਂ ਹੀ ਇਸ ਪਾਸੇ ਵੱਲ ਆਏ ਸਨ ਨੇ ਵੀ ਪੂਰੇ ਉਤਸ਼ਾਹ ਨਾਲ ਭਾਗ ਲਿਆ ਤੇ ਪਹੁੰਚੀਆਂ ਸੰਗਤਾਂ ਵਿੱਚ ਆਪਣੀ ਵੱਖਰੀ ਛਾਪ ਛੱਡੀ। ਪਿੰਡ ਸਹੂੰਗੜਾ ਤੋਂ ਆਏ ਬੱਚਿਆਂ ਨੇ ਸਿੱਖ ਇਤਿਹ-ਾਸ ਦੇ ਨਾਲ-ਨਾਲ ਗੁਰਬਾਣੀ ਕੰਠ ਮੁਕਾਬਲਿਆਂ ਵਿੱਚ ਹਿੱਸਾ ਲਿਆ। ਜਿਸ ਵਿੱਚ ਬੱਚੀ ਕਿਰਨਦੀਪ ਕੌਰ ਪੁੱਤਰੀ ਰਛਵਿੰਦਰ ਸਿੰਘ ਲੱਡੂ (ਉਕਤ ਬੱਚੀ ਦੀ ਮਾਂ ਕੁਝ ਸਮਾਂ ਪਹਿਲਾਂ ਹੀ ਇਸ ਸੰਸਾਰ ਨੂੰ ਅਲਵਿਦਾ ਆਖ ਗਏ ਹਨ) ਨੇ ਦਸ ਸਾਲ ਦੇ ਬੱਚਿਆਂ ਵਿੱਚੋਂ ਪਹਿਲਾਂ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਆਏ ਹੋਏ ਬਾਕੀ ਬੱਚਿਆਂ ਨੇ ਵੀ ਇਤਹਾਸ ਸੁਣਾ ਕੇ ਇਨਾਮ ਪ੍ਰਾਪਤ ਕੀਤੇ। ਇਹ ਸਾਰੀ ਸੇਵਾ ਕੈਨੇਡਾ ਤੋਂ ਗੁਰੂਘਰ ਦੇ ਮਹਾਨ ਸੇਵਾਦਾਰ ਭਾਈ ਲਖਵੀਰ ਸਿੰਘ ਨਿਭਾ ਰਹੇ ਹਨ। ਜੋ ਕਿ ਆਪਣੇ ਪਿੰਡ ਦੇ ਬੱਚਿਆਂ ਨੂੰ ਨਸ਼ਿਆਂ ਦੀ ਮਾਰੂ ਬਿਮਾਰੀ ਤੋਂ ਬਚਾਉਣ ਦਾ ਉਪਰਾਲਾ ਕਰਨ ਦੇ ਨਾਲ ਨਾਲ ਬੱਚਿਆਂ ਦੇ ਮਨਾਂ ਅੰਦਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸਤਿਕਾਰ ਦੀ ਭਾਵਨਾ ਵੀ ਪੈਦਾ ਕਰ ਰਹੇ ਹਨ। ਭਾਈ ਸਾਹਿਬ ਲਖਵੀਰ ਸਿੰਘ ਜੀ ਕੈਨੇਡਾ ਨਿਵਾਸੀ ਦੇ ਇਸ ਉਪਰਾਲੇ ਨਾਲ ਬੱਚਿਆਂ ਦੀ ਜ਼ਿੰਦਗੀ ਵਿੱਚ ਇਕ ਨਵਾਂ ਅਧਿਆਇ ਆਉਣ ਤੋਂ ਕੋਈ ਨਹੀਂ ਰੋਕ ਸਕਦਾ। ਇਸ ਕਾਰਜ ਨੂੰ ਸਿਰੇ ਚਾੜ੍ਹਨ ਵਿੱਚ ਟ੍ਰੇਨਰ ਦੇ ਤੌਰ ਤੇ ਭਾਈ ਹਰਜਿੰਦਰ ਸਿੰਘ ਵਲੋਂ ਅਣਥੱਕ ਮਿਹਨਤ ਕਰਦਿਆਂ ਆਪਣੀਆਂ ਵਡਮੁੱਲੀਆਂ ਸੇਵਾਵਾਂ ਪ੍ਰਦਾਨ ਕੀਤੀਆਂ। ਇਸ ਉਪਰਾਲੇ ਵਿੱਚ ਭਾਈ ਲਖਵੀਰ ਸਿੰਘ ਦੇ ਨਾਲ ਪਿੰਡ ਸਹੂੰਗੜਾ ਤੋਂ ਗੁਰੂਘਰ ਦੇ ਹੋਰ ਸੇਵਾਦਾਰਾਂ ਸਮੇਤ ਗ੍ਰੰਥੀ ਤੇ ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਜਥੇਦਾਰ ਪਿਆਰਾ ਸਿੰਘ ਅਤੇ ਗਿਆਨੀ ਜੁਝਾਰ ਸਿੰਘ, ਗੁਰਦੇਵ ਸਿੰਘ ਬਿੰਦਰਾ, ਜਗਦੀਸ਼ ਜਾਂਗੜਾ ਅਤੇ ਬਾਬਾ ਰਣਜੀਤ ਸਿੰਘ ਨਿਹੰਗ ਸਿੰਘ ਵੀ ਵੱਧ ਚੜ੍ਹ ਕੇ ਸਹਿਯੋਗ ਦੇ ਰਹੇ ਹਨ।



ਸਮਾਜ ਵੀਕਲੀ ਨਿਊਜ਼

# ਆਦਿ ਧਰਮ ਮਿਸ਼ਨ ਸਮਾਜਿਕ ,ਰਾਜਨੀਤਕ ਪਰਿਵਰਤਨ ਲਈ ਅਹਿਮ ਭੂਮਿਕਾ ਨਿਭਾਏਗਾ - ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** - ਭਾਰਤ ਦੀ ਅਜਾਦੀ ਲਈ ਆਦਿ ਧਰਮ ਦੇ ਵਿਦਵਾਨਾਂ, ਰਹਿਬਰਾਂ ਦਾ ਮਹੱਤਵਪੂਰਨ ਰੋਲ ਰਿਹਾ ਹੈ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ,ਭਾਰਤ ਰਤਨ, ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ , ਪੇਰੀਅਰ ਰਾਮਾ ਸਵਾਮੀ ਨਾਈਕਰ, ਸ਼ਾਹੂ ਜੀ ਛਤਰਪਤੀ ਮਹਾਰਾਜ, ਮਹਾਤਮਾ ਜੋਤੀਬਾ ਫੂਲੇ ਵਰਗੇ ਵਰਗੇ ਮਹਾਨ ਰਹਿਬਰਾਂ ਨੇ ਦੇਸ਼ ਦੀ ਅਜਾਦੀ ਅਤੇ ਆਦਿ ਧਰਮ ਦੇ ਸੰਵਿਧਾਨਕ ਮੌਲਿਕ ਅਧਿਕਾਰਾਂ ਲਈ ਸੰਘਰਸ਼ ਕੀਤੇ ਅਤੇ ਹੱਕਾਂ ਲਈ ਲੜਾਈਆਂ ਲੜੀਆਂ ਹਨ। ਇਨਾਂ ਮਹਾਨ ਰਹਿਬਰਾਂ ਦੇ ਮਿਸ਼ਨ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਪਿਛਲੇ ਲੰਮੇ ਸਮੇਂ ਤੋਂ ਸਰਗਰਮ ਭੂਮਿਕਾ ਨਿਭਾ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਮਹਾਨ ਚਿੰਤਕ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਸਾਧੂ ਸਮਾਜ ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ , ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਨੇ ਕਿਹਾ ਕਿ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਆਦਿ ਧਰਮ ਰਹਿਬਰਾਂ ਦੇ ਮਿਸ਼ਨ ਨੂੰ ਜਨ ਜਨ ਤਕ ਪਹੁੰਚਾਉਣ ਅਤੇ ਪੂਰਾ ਕਰਨ ਲਈ ਅਹਿਮ ਰੋਲ ਨਿਭਾ ਰਿਹਾ ਹੈ ਅਤੇ ਦੇਸ਼ ਅੰਦਰ ਸਮਾਜਿਕ ਤੇ ਰਾਜਨੀਤਕ ਪਰਿਵਰਤਨ ਲਈ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਕਿਹਾ ਕਿ ਆਦਿ ਧਰਮ ਦੇ ਮਹਾਨ ਕ੍ਰਾਂਤੀਕਾਰੀ ਫਲਸਫੇ ਰਾਹੀਂ ਸਮੂਹ ਆਦਿ ਵਾਸੀ ਮੂਲ ਨਿਵਾਸੀ ਸੰਗਤ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਕੇ ਜਲਦ ਹੀ ਕੌਮ ਨੂੰ ਨਵੇਂ ਪ੍ਰੋਗਰਾਮਾਂ ਤੋਂ ਜਾਣੂ ਕਰਾਇਆ ਜਾਵੇਗਾ । ਉਨ੍ਹਾਂ ਕਿਹਾ ਆਦਿ ਧਰਮ ਮਿਸ਼ਨ ਦੀ ਸਮੁੱਚੀ ਟੀਮ ਨਿਰਸਵਾਰਥ ਹੋ ਕੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਮਹਾਤਮਾ ਜੋਤੀ ਰਾਓ ਫੂਲੇ, ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਕਾਂਸ਼ੀ ਰਾਮ ਦੇ ਸਮਾਜਿਕ, ਆਰਥਿਕ ਅਤੇ ਸਿਆਸੀ ਪਰਿਵਰਤਨ ਦੇ ਅੰਦੋਲਨ ਨੂੰ ਮੰਜ਼ਿਲ 'ਤੇ ਪਹੁੰਚਾਉਣ ਲਈ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੀ ਹੈ। ਸੰਤ ਸਰਵਣ ਦਾਸ , ਸੰਤ ਸਤਵਿੰਦਰ ਹੀਰਾ ਨੇ ਕਿਹਾ ਆਲ ਇੰਡੀਆ ਆਦਿ ਧਰਮ ਮਿਸ਼ਨ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੌਂ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸਮਾਜ ਲਈ ਚੰਗੀ ਤੇ ਸਸਤੀ ਉਚੇਰੀ ਸਿੱਖਿਆ, ਇਲਾਜ ਅਤੇ ਬੇਰੁਜ਼ਗਾਰ ਲੜਕੇ, ਲੜਕੀਆਂ ਲਈ ਰੁਜ਼ਗਾਰ ਵਾਸਤੇ ਟਿਊਸ਼ਨ ਸੈਂਟਰ ਸਥਾਪਤ ਕੀਤੇ ਜਾਣਗੇ। ਓਨਾਂ ਸਮਾਜ ਦੇ ਪੜੇ ਲਿਖੇ ਬੁੱਧੀਜੀਵੀ ਵਰਗ ਨੂੰ ਅਪੀਲ ਕੀਤੀ ਕਿ ਉਹ ਮਹਾਨ ਕ੍ਰਾਂਤੀਕਾਰੀ ਰਹਿਬਰਾਂ ਦੇ ਮਿਸ਼ਨ ਨੂੰ ਪੂਰਾ ਕਰਨ ਲਈ "ਪੇ ਬੈਕ ਟੂ ਸੁਸਾਇਟੀ" ਦੀ ਸੋਚ ਅਪਨਾਕੇ ਆਪਣਾ ਬਣਦਾ ਯੋਗਦਾਨ ਪਾਉਣ।





# ਧੀਰ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਕਰਵਾਇਆ

**ਫਿਲੌਰ/ਅੱਪਰਾ, (ਦੀਪਾ)** - ਸਮੂਹ ਧੀਰ ਪਰਿਵਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਲਾਨਾ ਜੋੜ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਧੀਰ ਪਰਿਵਾਰਾਂ ਦੇ ਸਹਿਯੋਗ ਨਾਲ ਜਠੇਰਿਆਂ ਦੇ ਅਸਥਾਨ ਪਿੰਡ ਗੋਗੋ ਮਹਿਤਬਪੁਰ ਗੜ੍ਹਸ਼ੰਕਰ ਵਿਖੇ ਬੜੀ ਹੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਗਿਆ। ਜਿਸ ਵਿੱਚ ਜਿੱਥੇ ਵੱਡੀ ਗਿਣਤੀ ਵੀ ਧੀਰ ਪਰਿਵਾਰਾਂ ਨੇ ਪਹੁੰਚ ਕੇ ਆਪਣੇ ਵੱਡੇ ਵਡੇਰਿਆਂ ਦੇ ਅਸਥਾਨ ਤੇ ਮੱਥਾ ਟੇਕਿਆ, ਉੱਥੇ ਹੀ ਉਹਨਾਂ ਆਪਣੇ ਵੱਡੇ ਵਡੇਰਿਆਂ ਦਾ ਆਸ਼ੀਰਵਾਦ ਵੀ ਪ੍ਰਾਪਤ ਕੀਤਾ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਹਰ ਸਾਲ ਦੀ ਤਰਾ ਇਸ ਸਾਲ ਵੀ ਇਸ ਅਸਥਾਨ ਤੇ ਸਾਲਾਨਾ ਜੋੜ ਮੇਲਾ ਸਮੂਹ ਧੀਰ ਪਰਿਵਾਰਾਂ ਵੱਲੋਂ ਬੜੇ ਹੀ ਸ਼ਰਧਾ ਦੇ ਭਾਵਨਾ ਨਾਲ ਮਨਾਇਆ ਗਿਆ ਹੈ। ਉਹਨਾਂ ਕਿਹਾ ਕਿ ਇਸ ਦੌਰਾਨ ਧਾਰਮਿਕ ਸਮਾਗਮ ਆਯੋਜਿਤ ਕੀਤੇ ਗਏ ਨੇ ਉੱਥੇ ਹੀ ਸਮੂਹ ਧੀਰ ਪਰਿਵਾਰਾਂ ਨੂੰ ਸਲਾਨਾ ਜੋੜ ਮੇਲੇ ਦੀਆਂ ਹਾਰਦਿਕ ਵਧਾਈਆਂ ਵੀ ਦਿੱਤੀਆਂ। ਇਸ ਦੌਰਾਨ ਸੰਗਤਾਂ ਵਿੱਚ ਗੁਰੂ ਜੀ ਦਾ ਲੰਗਰ ਅਟੁੱਟ ਵਰਤਾਇਆ ਗਿਆ।





# ਵਿਜੀਲੈਂਸ ਬਿਊਰੋ ਵੱਲੋਂ ਜਾਗਰੂਕਤਾ ਹਫਤੇ ਦੀ ਸ਼ੁਰੂਆਤ

**ਸ਼ਹੀਦ ਭਗਤ ਸਿੰਘ ਨਗਰ, (ਜਤਿੰਦਰ ਪਾਲ ਸਿੰਘ ਕਲੇਰ )** ਵਿਜੀਲੈਂਸ ਬਿਊਰੋ ਵੱਲੋਂ "ਚੌਕਸੀ:-ਸਾਡੀ ਸਾਂਝੀ ਜਿੰਮੇਵਾਰੀ'' ਸਲੋਗਨ ਤਹਿਤ ਪੰਜਾਬ ਭਰ 'ਚ ਮਨਾਏ ਜਾਣ ਵਾਲੇ ਵਿਜੀਲੈਂਸ ਜਾਗਰੂਕਤਾ ਹਫਤੇ ਦੀ ਅੱਜ ਇੱਥੇ ਸ਼ੁਰੂਆਤ ਕਰਦਿਆਂ ਬਿਊਰੋ ਦੇ ਸਥਾਨਕ ਯੂਨਿਟ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਭ੍ਰਿਸ਼ਟਾਚਾਰ ਵਿਰੁੱਧ ਡਟਣ ਲਈ ਅਹਿਦ ਦਿਵਾਇਆ ਗਿਆ। ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਿਜੀਲੈਂਸ ਜਾਗਰੂਕਤਾ ਹਫਤੇ ਦੀ ਸ਼ੁਰੂਆਤ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ, ਡੀ.ਐਸ.ਪੀ. ਵਿਜੀਲੈਂਸ ਲਖਵਿੰਦਰ ਸਿੰਘ ਔਜਲਾ ਅਤੇ ਐਸ.ਡੀ.ਐਮ. ਅਨਮਜਯੋਤ ਕੌਰ ਦੀ ਮੌਜੂਦਗੀ ਵਿੱਚ ਭ੍ਰਿਸ਼ਟਾਚਾਰ ਦੇ ਖਾਤਮੇ ਦਾ ਸੰਕਲਪ ਲਿਆ ਗਿਆ। ਡੀ.ਐਸ.ਪੀ. ਲਖਵਿੰਦਰ ਸਿੰਘ ਔਜਲਾ ਨੇ ਦੱਸਿਆ ਕਿ ਰਾਸ਼ਟਰੀ ਐਂਟੀ ਕੁਰੱਪਸ਼ਨ ਕਮਿਸ਼ਨ ਦੇ ਨਿਰਦੇਸ਼ਾਂ 'ਤੇ ਦੇਸ਼ ਭਰ ਵਿੱਚ 2 ਨਵੰਬਰ ਤੱਕ ਵਿਜੀਲੈਂਸ ਜਾਗਰੂਕਤਾ ਹਫਤਾ ਮਨਾਇਆ ਜਾ ਰਿਹਾ ਹੈ ਜਿਸ ਤਹਿਤ ਵਿਜੀਲੈਂਸ ਬਿਊਰੋ ਦੇ ਮੁੱਖ ਡਾਇਰੈਕਟਰ ਪ੍ਰਵੀਨ ਕੁਮਾਰ ਸਿਨਹਾ ਅਤੇ ਵਿਜੀਲੈਂਸ ਬਿਊਰੋ ਰੇਂਜ ਜਲੰਧਰ ਦੇ ਸੀਨੀਅਰ ਕਪਤਾਨ ਪੁਲਿਸ ਹਰਪ੍ਰੀਤ ਸਿੰਘ ਮੰਡੇਰ ਦੀਆਂ ਹਦਾਇਤਾਂ 'ਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਚੌਕਸੀ ਬਾਰੇ ਵੱਖ-ਵੱਖ ਸਰਗਰਮੀਆਂ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਸ ਵਾਰ ਦਾ ਸਲੋਗਨ "ਚੌਕਸੀ:-ਸਾਡੀ ਸਾਂਝੀ ਜਿੰਮੇਵਾਰੀ'' ਦਰਸਾਉਂਦਾ ਹੈ ਕਿ ਰਿਸ਼ਵਤਖੋਰੀ ਦੇ ਖਾਤਮੇ ਲਈ ਸਾਰਿਆਂ ਨੂੰ ਇੱਕਮੁੱਠ ਹੋ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਇਸ ਅਲਾਮਤ ਨੂੰ ਖਤਮ ਕੀਤਾ ਜਾ ਸਕੇ। ਡੀ.ਐਸ.ਪੀ. ਲਖਵਿੰਦਰ ਸਿੰਘ ਔਜਲਾ ਨੇ ਦੱਸਿਆ ਕਿ ਅੱਜ ਲਏ ਸੰਕਲਪ ਵਿੱਚ ਜਾਣੂ ਕਰਵਾਇਆ ਗਿਆ ਕਿ ਰਿਸ਼ਵਤਖੋਰੀ ਦੇਸ਼ ਦੀ ਹਰ ਪੱਖੋਂ ਤਰੱਕੀ ਦੇ ਰਾਹ ਵਿੱਚ ਅੜਿੱਕੇ



ਖੜੀ ਕਰਦੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਹਮੇਸ਼ਾ ਚੌਕਸ ਰਹਿਣਾ ਚਾਹੀਦਾ ਹੈ ਤਾਂ ਜੋ ਇਮਾਨਦਾਰੀ ਦੇ ਪਾਸਾਰ ਨਾਲ ਹਰ ਖੇਤਰ ਵਿੱਚ ਕੰਮ ਹੋਣ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕਾਂ ਦੀ ਚੌਕਸੀ ਦੇ ਨਾਲ-ਨਾਲ ਇਹ ਤਹੱਈਆ ਕਰਨਾ ਚਾਹੀਦਾ ਹੈ ਕਿ ਉਹ ਕਦੇ ਵੀ ਰਿਸ਼ਵਤ ਨਾ ਦੇਣ ਦੇ ਨਾਲ-ਨਾਲ ਆਪਣੇ ਕੰਮ ਇਮਾਨਦਾਰੀ ਅਤੇ ਪਾਰਦਰਸ਼ੀ ਢੰਗ ਨਾਲ ਵਿਧੀ-ਵਿਧਾਨ ਮੁਤਾਬਕ ਕਰਵਾਉਣਗੇ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵੀ ਵਿਅਕਤੀ ਸਰਕਾਰੀ ਦਫਤਰਾਂ ਵਿੱਚ ਕੰਮ ਕਰਵਾਉਣ ਲਈ ਰਿਸ਼ਵਤਖੋਰੀ ਦੀ ਮੰਗ ਕਰਦਾ ਹੈ ਤਾਂ ਉਸ ਬਾਰੇ ਤੁਰੰਤ ਸੂਚਨਾ ਵਿਜੀਲੈਂਸ ਬਿਊਰੋ ਨੂੰ ਦਿੱਤੀ ਜਾਵੇ ਤਾਂ ਜੋ ਬਣਦੀ ਕਾਰਵਾਈ ਕੀਤੀ ਜਾ ਸਕੇ। ਮੰਗਲਵਾਰ ਨੂੰ ਸਥਾਨਕ ਡੀ.ਏ.ਐਨ. ਕਾਲਜ ਆਫ ਐਜੂਕੇਸ਼ਨ ਫਾਰ ਵਿਮੈਨ ਵਿਖੇ ਕਰਵਾਏ ਜਾਣ ਵਾਲੇ ਸਮਾਗਮ ਬਾਰੇ ਦੱਸਦਿਆਂ ਲਖਵਿੰਦਰ ਸਿੰਘ ਔਜਲਾ ਨੇ ਕਿਹਾ ਕਿ ਜਾਗਰੂਕਤਾ ਹਫਤੇ ਦੀ ਲੜੀ ਤਹਿਤ ਰੋਜ਼ਾਨਾ ਸਮਾਗਮ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ 28 ਅਕਤੂਬਰ ਨੂੰ ਹੋਣ ਵਾਲੇ ਸਮਾਗਮ ਵਿੱਚ ਜਿਲ੍ਹਾ ਪ੍ਰਸ਼ਾਸ਼ਨ ਦੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਵਿਜੀਲੈਂਸ ਬਿਊਰੋ ਜਲੰਧਰ ਰੇਂਜ ਦੇ ਐਸ.ਐਸ.ਪੀ. ਹਰਪ੍ਰੀਤ ਸਿੰਘ ਮੰਡੇਰ ਉਚੇਚੇ ਤੌਰ ਤੇ ਸ਼ਿਰਕਤ ਕਰਨਗੇ ਅਤੇ ਲੋਕਾਂ ਨੂੰ ਵਿਜੀਲੈਂਸ ਬਿਊਰੋ ਦੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਉਣਗੇ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ/ਕਰਮਚਾਰੀ ਵੀ ਮੌਜੂਦ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਦਲ ਵਿਖੇ ਸਾਇੰਸ ਅਤੇ ਗਣਿਤ ਵਿਸ਼ੇ ਦਾ ਮੇਲਾ ਲਗਾਇਆ

**ਸ੍ਰੀ ਮੁਕਤਸਰ ਸਾਹਿਬ (ਜਸਵਿੰਦਰ ਪਾਲ ਸ਼ਰਮਾ)** ਅੱਜ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਮਾਨਯੋਗ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਜਸਪਾਲ ਮੋਂਗਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਾਜਿੰਦਰ ਕੁਮਾਰ ਸੋਨੀ ਜੀ ਦੀ ਯੋਗ ਅਗਵਾਈ ਅਤੇ ਅਕਾਦਮਿਕ ਸਪੋਰਟ ਗਰੁੱਪ ਦੇ ਡੀਆਰਸੀ ਗੁਰਮੇਲ ਸਿੰਘ ਸਾਗੂ ਜੀ ਦੀ ਯੋਗ ਰਹਿਨੁਮਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਦਲ ਵਿਖੇ ਸਕੂਲ ਦੇ ਪ੍ਰਿੰਸੀਪਲ ਅਵਤਾਰ ਸਿੰਘ ਜੀ ਦੀ ਅਗਵਾਈ ਵਿੱਚ ਸਾਇੰਸ, ਗਣਿਤ ਵਿਸ਼ੇ ਦਾ ਮੇਲਾ ਲਗਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਸਮੇਂ ਸਕੂਲ ਦੇ ਲੈਕਚਰਾਰ ਹਿਸਟਰੀ ਸ੍ਰੀ ਯਾਦਵਿੰਦਰ ਸਿੰਘ, ਲੈਕਚਰਾਰ ਇਕਨਾਮਿਕਸ ਰੀਟਾ , ਕਾਮਰਸ ਲੈਕਚਰਾਰ ਰਾਜੀਵ ਕੁਮਾਰ, ਰਾਜੀਵ ਬਿਸ਼ਨੋਈ ਸਾਇੰਸ ਮਾਸਟਰ, ਅਮਨਦੀਪ ਸਿੰਘ ਸਾਇੰਸ ਮਾਸਟਰ, ਸ਼ੈਫੀ ਮੈਥ ਮਿਸਟ੍ਰੈਸ, ਰੰਗੀਤਾ ਮੈਥ ਮਿਸਟ੍ਰੈਸ, ਕਮਲਜੀਤ ਸਾਇੰਸ ਮਿਸਟ੍ਰੈਸ, ਰੋਕਸੀ ਮੈਥ ਮਿਸਟ੍ਰੈਸ ਨੇ



ਵਿਦਿਆਰਥੀਆਂ ਨੂੰ ਵੱਖ-ਵੱਖ ਪ੍ਰਕਾਰ ਦੇ ਮਾਡਲ ਅਤੇ ਗਤੀਵਿਧੀਆਂ ਪੇਸ਼ ਕਰਨ ਲਈ ਉਤਸਾਹਿਤ ਕੀਤਾ। ਵਿਦਿਆਰਥੀਆਂ ਨੇ ਬਹੁਤ ਹੀ ਦਿਲਚਸਪ ਤਰੀਕੇ ਨਾਲ ਮੇਲੇ ਦੀਆਂ ਗਤੀਵਿਧੀਆਂ ਨੂੰ ਮਾਡਲਾਂ ਦੇ ਰੂਪ ਵਿੱਚ ਪੇਸ਼ ਕੀਤਾ। ਇਸ ਸਮੇਂ ਬੀਆਰਸੀ ਸ੍ਰੀ ਰਜਿੰਦਰ ਮੋਹਨ ਵੀ ਉਚੇਚੇ ਤੌਰ ਤੇ ਪਹੁੰਚੇ ਅਤੇ ਉਹਨਾਂ ਨੇ ਹੋਣਹਾਰ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਰਾਹਨਾ ਕੀਤੀ। ਉਹਨਾਂ ਨੇ ਵਿਭਾਗ ਦੁਆਰਾ ਕਰਵਾਈਆਂ ਜਾਂਦੀਆਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਦੱਸਿਆ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਵਿਦਿਆਰਥੀਆਂ ਦਾ ਗਿਆਨ ਚਿਰ ਸਥਾਈ ਹੋ ਜਾਂਦਾ ਹੈ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਯਾਤਰਾ ਦਾ ਬੱਛੂਆਂ ਟੋਲ ਪਲਾਜ਼ਾ ਪਹੁੰਚਣ ਤੇ ਸੰਗਤਾਂ ਨੇ ਕੀਤਾ ਨਿੱਘਾ ਸਵਾਗਤ

## ਗੁਰਦੁਆਰਾ ਬਾਬਾ ਜਗਤਰਾਮ ਜੀ ਦੇ ਗੱਦੀ ਨਸ਼ੀਨ ਬਾਬਾ ਜਗਤਾਰ ਸਿੰਘ ਜੀ ਵਲੋਂ ਜਾਗ੍ਰਿਤੀ ਯਾਤਰਾ ਦਾ ਕੀਤਾ ਭਰਵਾਂ ਸਵਾਗਤ ਤੇ ਸੰਗਤਾਂ ਨੂੰ ਲੰਗਰ ਛਕਾਇਆ

**ਨਵਾਂਸ਼ਹਿਰ /ਕਾਠਗੜ੍ਹ 27 ਅਕਤੂਬਰ (ਜਤਿੰਦਰ ਪਾਲ ਸਿੰਘ ਕਲੇਰ )–** ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ ਜਾਗ੍ਰਿਤੀ ਯਾਤਰਾ ਦਾ ਟੋਲ ਪਲਾਜ਼ਾ ਜੀਓਵਾਲ ਬੱਛੂਆਂ ਪਹੁੰਚਣ ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆ ਦੀ ਅਗਵਾਈ ਵਿੱਚ ਪਹੁੰਚੀ ਜਾਗ੍ਰਿਤੀ ਯਾਤਰਾ ਦਾ ਗੁਰੂਦੁਆਰਾ ਬਾਬਾ ਜਗਤਰਾਮ ਜੀ ਦੇ ਸਰਪ੍ਰਸਤ ਬਾਬਾ ਜਗਤਾਰ ਸਿੰਘ ਜੀ ਅਤੇ ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਰੁਮਾਲੇ ਭੇਂਟ ਕੀਤੇ ਗਏ। ਇਹ ਜਾਗ੍ਰਿਤੀ ਯਾਤਰਾ ਤਖਤ ਸ਼੍ਰੀ ਹਰਮਿੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵਲੋਂ ਬਿਹਾਰ ਸਰਕਾਰ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਜਾ ਰਹੀ ਹੈ। ਜਿਸ ਦਾ ਉਦੇਸ਼ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਵਿਸ਼ਵਾਸ, ਏਕਤਾ ਤੇ ਭਾਈਚਾਰਕ ਸਾਂਝ ਦੇ ਸੁਨੇਹੇ ਨੂੰ ਦੇਸ਼ ਭਰ ਵਿੱਚ ਫੈਲਾਇਆ ਜਾ ਰਿਹਾਹੈ। ਇਸ ਜਾਗ੍ਰਤੀ ਯਾਤਰਾ ਦਾ ਨਵਾਂਸ਼ਹਿਰ ਪਹੁੰਚਣ ਤੇ ਵੀ ਗੁਰੂਦੁਆਰਾ ਸ਼੍ਰੀ ਸਿ ਘ ਸਭਾ ਪ੍ਰਬੰਧਕ ਕਮੇਟੀ ਵਲੋਂ ਸੁੰਦਰ ਰੁਮਾ-ਲੇ ਪਹਿਨਾ ਕੇ ਸਵਾਗਤ ਕੀਤਾ ਗਿਆ।ਨਗਰ ਕੀਰਤਨ ਵਿੱਚ ਬਾਬਾ ਦੀਪ ਸਿੰਘ ਦੇ ਹੱਥ ਲਿਖਤ







ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਸ਼੍ਰੀ ਗੁਰੂ ਗੋਬਿੰਦ ਸਿੰਘ ਅਤੇ ਹੋਰ ਸਾ-ਹਬਾਨ ਦੀਆਂ ਪਵਿੱਤਰ ਨਿਸ਼ਾਨੀਆਂ ਦੇ ਸੰਗਤਾਂ ਨੇ ਦਰਸ਼ਨ ਕੀਤੇ। ਇਸ ਜਾਗ੍ਰਿਤੀ ਯਾਤਰਾ ਦਾ ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਵਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਰੁਮਾਲੇ ਭੇਂਟ ਕੀਤੇ ਅਤੇ ਪੰਜ ਪਿਆਰਿਆਂ ਨੂੰ ਸਿਰਪਾਓ ਭੇਂਟ ਕੀਤੇ ਗਏ। ਇਹ ਜਾਗ੍ਰਿਤੀ ਯਾਤਰਾ ਅਲੱਗ ਅਲੱਗ ਪੜਾਅ ਤੋਂ ਹੁੰਦੀ ਹੋਈ ਸ਼ਾਮ ਨੂੰ ਸ਼੍ਰੀ ਆਨੰਦਪੁਰ ਸਾਹਿਬ ਪਹੁੰਚੇਗੀ। ਸੰਗਤਾਂ ਵਲੋਂ ਜਾਗ੍ਰਿਤੀ ਯਾਤਰਾ ਦਾ ਜਗਾ ਜਗਾ ਸਵਾਗਤ ਕੀਤਾ ਗਿਆ। ਸੰਗਤਾਂ ਦੇ ਲੰਗਰ, ਫਲ ਆਦਿ ਸੁੱਚਜੇ ਪ੍ਰਬੰਧ ਕੀਤੇ ਗਏ। ਇਸ ਮੌਕੇ ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਦੇ ਵੱਖ ਵੱਖ ਆਗੂਆਂ ਜਿਨਾਂ ਵਿਚ ਜੱਥੇਦਾਰ ਕਰਨੈਲ ਸਿੰਘ ਪੀਰ ਮਹੁੰਮਦ ਜਰਨਲ ਸਕੱਤਰ, ਚਰਨਜੀਤ ਸਿੰਘ ਬਰਾੜ, ਜੱਥੇਦਾਰ ਮਹਿੰਦਰ ਸਿੰਘ ਹੁਸੈਨਪੁਰ, ਰੇਸ਼ਮ ਸਿੰਘ ਖਾਲਸਾ, ਸੁਰਜੀਤ ਸਿੰਘ ਦੋਭਾਲੀ, ਠੇਕੇਦਾਰ ਗੁਰਚਰਨ ਸਿੰਘ ਉੱਦਲਣੀ, ਅਵਤਾਰ ਸਿੰਘ ਸਾਹਦੜਾ, ਹਰਅਮਰਿੰਦਰ ਸਿੰਘ ਰਿੰਕੂ ਸਾਬਕਾ ਚੇਅਰਮੈਨ, ਗੁਰਨਾਮ ਸਿੰਘ ਸਰਪੰਚ, ਪਰਮਿੰਦਰ ਸਿੰਘ ਖਾਲਸਾ, ਸੋਢੀ ਸਿੰਘ ਸੈਦਪੁਰ, ਕੁਲਵੀਰ ਸਿੰਘ ਸੈਦਪੁਰ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਕੈਪਸ਼ਨ ਗੁਰਦੁਆਰਾ ਬਾਬਾ ਜਗਤਰਾਮ ਜੀ ਵਿਖੇ ਨਗਰ ਕੀਰਤਨ ਨਾਲ ਆਏ ਜੱਥੇਦਾਰ ਚਰਨਜੀਤ ਸਿੰਘ ਬਿਲਾਸਪੁਰ ਯੂਪੀ ਵਾਲੇ ਜਾਣਕਾਰੀ ਦਿੰਦੇ ਅਤੇ ਨਗਰ ਕੀਰਤਨ ਦੇ ਵੱਖ ਦ੍ਰਿਸ਼ ਅਤੇ ਸੰਗਤਾਂ ਵਲੋਂ ਨਗਰ ਕੀਰਤਨ ਨਾਲ ਆਇਆ ਸੰਗਤਾਂ ਨੂੰ ਸਿਰਪਾਓ ਪਾ ਕੇ ਸਨਮਾਨਿਤ ਕਰਦੇ ਹੋਏ।

# ਲੇਖਕ ਪਾਠਕ ਸਾਹਿਤ ਸਭਾ ਵਲੋਂ ਤੀਜਾ ਪਾਠਕ ਸਨਮਾਨ ਸੁਖਵਿੰਦਰ ਸਿੰਘ ਭਦੌੜ ਨੂੰ ਭੇਟ ਕੀਤਾ ਗਿਆ

## ਦੋ ਪੁਸਤਕਾਂ ਲੋਕ ਅਰਪਣ ਅਤੇ ਕਵੀ ਦਰਬਾਰ ਕਰਵਾਇਆ ਗਿਆ

**ਬਰਨਾਲਾ (ਸਮਾਜ ਵੀਕਲੀ)** – ਬੀਤੇ ਦਿਨੀਂ ਸਥਾਨਕ ਸ਼ਹੀਦ ਬਿੱਕਰ ਸਿੰਘ ਸੀਨੀਅਰ ਸੈਕੰਡਰੀ ਸਕੂਲ ਆਫ ਐਮਿਨਨਸ ਵਿਖੇ ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵਲੋਂ ਪ੍ਰਸਿੱਧ ਕਹਾਣੀਕਾਰ ਅਤੇ ਲੋਕ ਰੰਗ ਸਾਹਿਤ ਸਭਾ ਦੇ ਪ੍ਰਧਾਨ ਭੋਲਾ ਸਿੰਘ ਸੰਘੇੜਾ ਦੀ ਪ੍ਰਧਾਨਗੀ ਹੇਠ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰੈੱਸ ਸਕੱਤਰ ਮਨਦੀਪ ਕੁਮਾਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ 2025 ਲਈ ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਦੇ ਸੰਸਥਾਪਕ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਜੋ ਆਪ ਵੀ ਸਾਹਿਤਕਾਰ ਅਤੇ ਆਲੋਚਕ ਹਨ ਅਤੇ ਉਹਨਾਂ ਦੇ ਪਰਿਵਾਰ ਵਲੋਂ ਹਰਦੀਪ ਕੌਰ ਚੰਡਿਹੋਕ ਯਾਦਕਾਰੀ ਤੀਜਾ ਪਾਠਕ ਸਨਮਾਨ ਸੁਖਵਿੰਦਰ ਸਿੰਘ ਭਦੌੜ ਨੂੰ ਦਿੱਤਾ ਗਿਆ ਜਿਸ ਵਿਚ ਸਨਮਾਨ ਚਿੰਨ, ਲੋਈ, ਨਗਦ ਰਾਸ਼ੀ ਅਤੇ ਪੁਸਤਕਾਂ ਦਾ ਸੈੱਟ ਭੇਟ ਕੀਤਾ ਗਿਆ। ਯਾਦ ਰਹੇ ਸਭਾ ਵਲੋ ਪਹਿਲਾਂ ਜੁਗਰਾਜ ਚੰਦ ਰਾਏਸਰ, ਬੀਰਪਾਲ ਕੌਰ ਹੰਡਿਆਇਆ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਚੰਡਿਹੋਕ ਨੇ ਸੰਸਥਾ ਦੇ ਪ੍ਰਿੰਸੀਪਲ ਹਰੀਸ਼ ਬਾਂਸਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਹਰ ਸਾਹਿਤਕ ਸਮਾਗਮ ਲਈ ਸਹਿਯੋਗ ਦਿੰਦੇ ਹਨ। ਪਾਠਕ ਸੁਖਵਿੰਦਰ ਸਿੰਘ ਬਾਰੇ ਮੈਡਮ ਮਨਦੀਪ ਕੌਰ ਭਦੌੜ ਨੇ ਜਾਣਕਾਰੀ ਦਿੱਤੀ। ਜਿਸ ਤੋਂ ਬਾਅਦ ਸੁਖਵਿੰਦਰ ਸਿੰਘ ਨੇ ਆਪਣੇ ਵਲੋ ਪੜ੍ਹੇ ਸਾਹਿਤ ਬਾਰੇ ਦੱਸਿਆ। ਸਮਾਗਮ ਦੌਰਾਨ ਡਾਕਟਰ ਬਿਕਰਮਜੀਤ ਪੁਰਬਾ ਦੀ ਪੁਸਤਕ ਹਮੇਸ਼ਾ ਵੱਡਾ ਸੋਚੋ ਅਤੇ ਇੰਦਰਜੀਤ ਕੌਰ ਰੰਧਾਵਾ ਤਪਾ ਦੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ ਜਿਹਨਾਂ ਬਾਰੇ ਕਰਮਵਾਰ ਮਾਲਵਿੰਦਰ ਸ਼ਾਇਰ ਅਤੇ ਤੇਜਾ ਸਿੰਘ ਤਿਲਕ ਨੇ ਜਾਣਕਾਰੀ ਦਿੱਤੀ। ਉਪਰੰਤ ਲੇਖਕਾਂ ਨੇ ਆਪਣੀ ਸਿਰਜਣਾ ਬਾਰੇ ਦੱਸਿਆ। ਉਪਰੰਤ



ਲੇਖਕਾਂ ਦਾ ਵੀ ਲੋਈ,ਸਨਮਾਨ ਚਿੰਨ ਅਤੇ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਨਮਾਨ ਕੀਤਾ ਗਿਆ। ਕਹਾਣੀਕਾਰ ਭੋਲਾ ਸਿੰਘ ਸੰਘੇੜਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਸਭਾ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸਾਰੀਆਂ ਸਭਾਵਾਂ ਲੇਖਕਾਂ ਦਾ ਸਨਮਾਨ ਹੀ ਕਰਦਿਆਂ ਹਨ ਪਰ ਇਹ ਸਭਾ ਪਾਠਕ ਦਾ ਸਨਮਾਨ ਕਰਕੇ ਵਧੀਆ ਉੱਦਮ ਕਰ ਰਹੀ ਹੈ। ਆਏ ਸਾਹਿਤਕਾਰਾਂ ਪਾਠਕਾਂ ਦਾ ਧੰਨਵਾਦ ਨਾਵਲਕਾਰ ਦਰਸ਼ਨ ਸਿੰਘ ਗੁਰੂ ਨੇ ਕੀਤਾ ਅਤੇ ਮੰਚ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਬਾ-ਖੂਬੀ ਕੀਤਾ। ਕਵੀ ਦਰਬਾਰ ਵਿਚ ਪਾਲ ਸਿੰਘ ਲਹਿਰੀ, ਮਨਦੀਪ ਕੁਮਾਰ, ਉਜਾਗਰ ਸਿੰਘ ਮਾਨ, ਰਾਮ ਸਰੂਪ ਸ਼ਰਮਾ, ਰਾਜਿੰਦਰ ਸ਼ੌਂਕੀ, ਪਰਗਟ ਸਿੰਘ ਕਾਲੇਕੇ, ਕਰਮਿੰਦਰ ਸਿੰਘ, ਰਘਬੀਰ ਸਿੰਘ ਗਿੱਲ ਕੱਟੂ, ਸੁਰਿੰਦਰਪਾਲ ਸਿੰਘ ਬਿੰਦਰਾ ਜਗਰਾਓਂ, ਰਾਮ ਸਿੰਘ ਬੀਹਲਾ, ਚਰਨ ਸਿੰਘ, ਕੁਲਰੌਨਕ ਸਿੰਘ ਚੰਡਿਹੋਕ ਅਤੇ ਹਾਕਮ ਸਿੰਘ ਰੂੜੇਕੇ ਨੇ ਆਪਣੇ ਕਲਾਮ ਪੇਸ਼ ਕੀਤੇ। ਇਹਨਾਂ ਤੋ ਇਲਾਵਾ ਸਮਾਗਮ ਵਿੱਚ ਕੰਵਰਜੀਤ ਭੱਠਲ, ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ, ਜਗਰਾਜ ਚੰਦ ਰਾਏਸਰ, ਬ੍ਰਿਜ ਲਾਲ ਗੋਇਲ ਧਨੌਲਾ, ਮੇਜਰ ਸਿੰਘ ਗਿੱਲ, ਜੁਪਿੰਦਰ ਸਿੰਘ, ਜੈਸਮੀਨ ਕੌਰ, ਜਸਨੀਤ ਕੌਰ, ਪ੍ਰੀਤਮ ਸਿੰਘ, ਕਰਨਜੀਤ ਸਿੰਘ, ਮਨਦੀਪ ਸਿੰਘ, ਰਾਜਵੰਤ ਕੌਰ, ਚਮਕੌਰ ਸਿੰਘ, ਤਰਸੇਮ ਅਤੇ ਅੰਜਨਾ ਮੈਨਨ ਨੇ ਸ਼ਿਰਕਤ ਕੀਤੀ।

# ਬਹੁਤ ਬਹੁਤ ਧੰਨਵਾਦ ਕਬੱਡੀ ਦੇ ਧਾਕੜ ਪ੍ਰਮੋਟਰ ਜਤਿੰਦਰ ਜੌਹਲ ਅਮਰੀਕਾ ਵਾਲੇ ਦਾ

**ਅਮਰੀਕਾ (ਹਰਜਿੰਦਰ ਪਾਲ ਛਾਬੜਾ)** ਜਿਸ ਭਰਾ ਨੇ ਥੋੜੇ ਦਿਨ ਪਹਿਲਾ ਐਲਾਨ ਕੀਤਾ ਸੀ ਕੀ ਦਾਸ ਦਾ ਜੰਡੂ_ਸਿੰਘਾ ਕਬੱਡੀ ਕੱਪ ਤੇ ਮੋਟਰਸਾਈਕਲ ਨਾਲ ਸਨਮਾਨ ਕਰਨਾ ਆ, ਜੌਹਲ ਬਾਈ ਨੇ ਅਕਸਰ ਕਹਿਣਾ ਕੀ ਭਾਣੋਕੀ ਵਾਲਿਆਂ ਤੈਨੂੰ ਜਦੋ ਲੋੜ ਹੋਵੇ ਦੱਸ ਦੇਵੀਂ ਤੇ ਮੈਂ ਤੈਨੂੰ ਵੀਂ ਇੱਕ ਮੋਟਰਸਾਈਕਲ ਦੇਣਾ ਆ ਸਨਮਾਨ ਵਿੱਚ ਕਿਉਂਕਿ ਤੂੰ ਸਾਡੇ ਕੱਪ ਦੀ ਬਹੁਤ ਪ੍ਰਮੋਸ਼ਨ ਕਰਦਾ ਰਿਹਾ ਆ ਤਾਂ ਮੈਂ ਕਹਿਣਾ ਭਾਜੀ ਜਦੋ ਤੁਹਾਨੂੰ ਲੱਗੇ ਤਾਂ ਸਨਮਾਨ ਕਰਦਿਓ ਜੀ,, ਫਿਰ ਅਚਾਨਕ ਥੋੜੇ ਦਿਨ ਪਹਿਲਾ ਸਨੀ_ਕਾਉਣੀ ਵਾਲੇ ਸਾ ਫੋਨ ਆਇਆ ਕੀ ਪੋਸਟਰ ਚੈੱਕ ਕਰਿਓ ਜਦ ਮੈਂ ਦੇਖਿਆ ਤਾਂ ਮੇਰੇ ਸਨਮਾਨ ਦਾ ਪੋਸਟਰ ਜੰਡੂ ਸਿੰਘਾ ਦਾ ਬਣਾਇਆ ਸੀ ਤਾਂ ਬਹੁਤ ਖੁਸ਼ੀ ਹੋਈ ਕੱਲ ਫਿਰ #ਜਤਿੰਦਰ_ਜੌਹਲ ਦਾ ਫੋਨ ਆਇਆ ਤੇ ਕਹਿੰਦਾ ਬਹੁਤ ਬਹੁਤ ਮੁਬਾਰਕਾਂ ਕੀ ਤੇਰਾ ਨਿਊਜੀਲੈਂਡ ਦਾ ਵੀਜ਼ਾ ਲੱਗ ਗਿਆ ਆ ਤੇਰਾ ਹੁਣ ਮੋਟਰਸਾਈਕਲ ਕੌਣ ਲਵੇਗਾ ਤੇ ਮੈਂ ਕਿਹਾ ਮੇਰਾ ਭਰਾ ਆਵੇਗਾ, ਤੇ ਜੌਹਲ ਬਾਈ ਕਹਿੰਦਾ ਨਹੀਂ ਯਾਰ ਤੂੰ ਆਪਣਾ ਸਨਮਾਨ ਆਪ ਲੈਲਾ ਤੇ ਅੱਜਕਲ੍ਹ ਵਿੱਚ ਟੂਰਨਾਮੈਂਟ ਦੱਸ ਕੋਈ ਨੇੜੇ ਵਾਲਾ,, ਤਾਂ ਧੰਨ ਧੰਨ ਰਾਜਾ ਸਾਹਿਬ ਮਜ਼ਾਰਾ ਦੀ ਦੇ ਪਵਿੱਤਰ ਅਸਥਾਨ ਦਾ ਟੂਰਨਾਮੈਂਟ ਜੋ 29 ਅਕਤੂਬਰ ਨੂੰ ਹੋਣਾ ਮੈਂ ਦਸਿਆ ਤੇ ਬਾਈ ਕਹਿੰਦਾ ਤੂੰ ਮਜ਼ਾਰਾ ਸਾਹਿਬ ਦੇ ਟੂਰਨਾਮੈਂਟ ਤੇ ਹੀ ਸਨਮਾਨ ਕਰਵਾਲਾ,, ਮੈਂ ਵੀਂ ਕਿਹਾ ਭਾਜੀ ਇਸਤੋਂ ਵੱਡੀ ਹੋਰ ਕਿਹੜੀ ਗੱਲ ਹੋ ਸਕਦੀ ਆ ਕਿਸਮਤ ਨੇ ਜੋ ਕੀਤਾ ਚੰਗਾ




ਹੀ ਕੀਤਾ ਮੇਰੀ ਵੀਂ ਰੂਹ ਖੁਸ਼ ਹੋ ਗਈ ਮੈਨੂੰ ਇਹ ਸਨਮਾਨ ਮਜ਼ਾਰਾ ਸਾਹਿਬ ਦੀ ਧਰਤੀ ਤੇ ਮਿਲਣਾ, ਮੇਰੇ ਵਲੋਂ ਜਤਿੰਦਰ ਜੌਹਲ_ਸਓ ਦਾ ਬਹੁਤ ਬਹੁਤ ਧੰਨਵਾਦ ਜਿਹਨਾਂ ਨੇ ਦਾਸ ਨੂੰ ਇਸ ਲਾਇਕ ਸਮਜਿਆ ਤੇ ਇੱਡਾ ਵੱਡਾ ਸਨਮਾਨ ਕਰਨਾ ਆ ਵਾਹਿਗੁਰੂ ਤੁਹਾਨੂੰ ਹਮੇਸ਼ਾਂ ਚੜ੍ਹਦੀਕਲਾ ਚ ਰੱਖੇ।

# ਪੰਜਾਬੀ ਗੀਤਕਾਰ ਤੇ ਗਾਇਕ ਮਨੀ ਲੋਹਟੀਆ ਸੋਲੋ ਗੀਤ 'ਕਾਜੂ ਕਤਲੀ' ਨਾਲ ਚਰਚਾ 'ਚ

ਫਿਲੌਰ/ਅੱਪਰਾ (ਦੀਪਾ)-ਕਰੀਬੀ ਪਿੰਡ ਛੋਕਰਾਂ ਦੇ ਵਸਨੀਕ ਗੀਤਕਾਰ ਤੇ ਗਾਇਕ ਮਨੀ ਲੋਹਟੀਆ ਆਪਣੇ ਸੋਲੋ ਗੀਤ 'ਕਾਜੂ ਕਤਲੀ' ਨਾਲ ਚਰਚਾ 'ਚ ਹਨ । ਇਸ ਗੀਤ ਨੂੰ ਵੱਖ-ਵੱਖ ਸ਼ੋਸ਼ਲ ਸਾਈਟਾਂ 'ਤੇ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ । ਜਾਣਕਾਰੀ ਦਿੰਦੇ ਹੋਏ ਗੀਤਕਾਰ ਤੇ ਗਾਇਕ ਮਨੀ ਲੋਹਟੀਆ ਨੇ ਦੱਸਿਆ ਕਿ ਇਸ ਗੀਤ ਨੂੰ ਮੇਰੇ ਵਲੋਂ ਹੀ ਗਾਇਆ ਗਿਆ, ਕਲਮਬੱਧ ਤੇ ਮਿਊਜ਼ਿਕ ਦਿੱਤਾ ਗਿਆ ਹੈ । ਗੀਤ ਦਾ




ਵਿਊਜ਼ੂਅਲ ਤੇ ਪੋਸਟਰ ਜਤਿਨ ਚੋਪੜਾ ਵਲੋਂ ਤਿਆਰ ਕੀਤਾ ਗਿਆ ਹੈ । ਗੀਤਕਾਰ ਤੇ ਗਾਇਕ ਮਨੀ ਲੋਹਟੀਆ ਨੇ ਆਸ ਪ੍ਰਗਟਾਈ ਕਿ ਪੰਜਾਬ ਤੇ ਪੰਜਾਬੀ ਬੋਲੀ ਨੂੰ ਪਸੰਦ ਕਰਨ ਵਾਲੇ ਸਰੋਤੇ ਇਸ ਗੀਤ ਨੂੰ ਮੇਰੇ ਪਹਿਲੇ ਆਏ ਗੀਤਾਂ ਦੀ ਤਰਾਂ ਹੀ ਬੇਹੱਦ ਪਸੰਦ ਕਰਨਗੇ ।

# ਰਾਜਸਥਾਨੀ ਈਸਪੈਸ਼ਲ ਥਾਲੀ

"ਸਧਾਰਨ ਥਾਲੀ ਸੌ ਦੀ ਹੈ ਜੀ ਤੇ ਇਸਪੈਸ਼ਲ ਥਾਲੀ ਦੋ ਸੌ ਦੀ।" ਮਾਮੂ ਰਾਜਸਥਾਨੀ ਚੁੱਲ੍ਹੇ ਤੇ ਕੰਮ ਕਰਦੇ ਉਸ ਮੁਰਕੀਆਂ ਵਾਲੇ ਸਖਸ਼ ਨੇ ਮੈਨੂੰ ਕਿਹਾ। ਬਠਿੰਡਾ ਡੱਬਵਾਲੀ ਸੜ੍ਹਕ ਤੇ ਗ੍ਰੀਨ ਸੁਕੇਅਰ ਕੰਪਨੀ ਆਊਟਲੈਟਸ ਦੇ ਐਨ ਸ਼ਾਹਮਣੇ ਸੜਕ ਦੇ ਕਿਨਾਰੇ ਚਲਦੇ ਇਸ ਚੁੱਲ੍ਹੇ ਤੇ ਵੀਕ ਐਂਡ ਹੋਣ ਕਰਕੇ ਅਥਾਹ ਦੀ ਭੀੜ ਸੀ। ਲੋਕ ਮੇਜ਼ ਖਾਲੀ ਹੋਣ ਦਾ ਇੰਤਜ਼ਾਰ ਕਰ ਰਹੇ ਸਨ ਤੇ ਕਈ ਇਕੱਲੇ ਹੀ ਪਲਾਸਟਿਕ ਦੇ ਸਟੂਲ ਮੱਲੀ ਹੀ ਬੈਠੇ ਸਨ। ਉਥੇ ਖੜੀਆਂ ਕੋਈ ਪੰਦਰਾਂ ਵੀਹ ਵੱਡੀਆਂ ਕਾਰਾਂ ਗ੍ਰਾਹਕਾਂ ਦੇ ਹਾਈ ਫਾਈ ਹੋਣ ਦਾ ਸਬੂਤ ਸਨ। ਮੈਂ ਤੇ ਮੇਰੇ ਨਾਲਦੀ ਨੇ ਸਪੈਸ਼ਲ ਥਾਲੀ ਦਾ ਆਰਡਰ ਦੇਕੇ ਕਿਸੇ ਸਿੰਗਲ ਗ੍ਰਾਹਕ ਨਾਲ ਮੇਜ਼ ਸ਼ੇਅਰ ਕਰ ਲਿਆ। ਮੈਨੂੰ ਪਤਾ ਸੀ ਕਿ ਥਾਲੀ ਅੱਧੇ ਘੰਟੇ ਨੂੰ ਆਊਗੀ। ਮੇਰੀ ਨਿਗ੍ਹਾ ਕਰੋੜਾਂ ਦੀ ਬਣੀ ਸ਼ਾਹਮਣੇ ਵਾਲੀ ਇਮਾਰਤ ਵੱਲ ਸੀ। ਜਿੱਥੇ ਬੀਕਾਨੇਰਵਾਲਾ, ਮੈਕਡੀ, ਪੈਰਾਮਿੱਡ, ਕੇਐਫਸੀ ਰੰਗੀਨ ਬਿਜਲਈ ਲੜੀਆਂ ਨਾਲ ਜਗਮਗਾ ਰਹੇ ਸਨ। ਉਥੇ ਲੋਕ ਪੀਜ਼ਾ ਬਰਗਰ ਤੋਂ ਇਲਾਵਾ ਇਡਲੀ, ਡੋਸਾ, ਪਾਵਭਾਜੀ, ਛੋਲੇ ਭਟੂਰੇ, ਢੋਕਲਾ, ਮਟਰੀ ਕੁਲਚਾ ਅਤੇ ਬੜਾ ਸਾਂਬਰ ਖਾਂਦੇ ਹਨ। ਉਥੇ ਗੁਜਰਾਤੀ, ਮਰਾਠੀ, ਦੱਖਣ ਭਾਰਤੀ ਅਤੇ ਕਸ਼ਮੀਰੀ ਵਿਅੰਜਨ ਮਿਲਦੇ ਹਨ। ਕੁਝ ਕੁ ਲੋਕ ਵਿਦੇਸ਼ੀ ਵਿਅੰਜਨਾਂ ਤੇ ਵੀ ਹੱਥ ਅਜਮਾਉਂਦੇ ਹਨ। ਇੱਥੇ ਉਹ



ਹੋਟਲ ਵੀ ਹੈ ਜਿਸ ਦੀ ਦਾਲ ਮੱਖਣੀ ਹੀ ਸਾਢੇ ਪੰਜ ਸੌ ਦੀ ਹੈ। ਪਾਣੀ ਦੀ ਬੋਤਲ ਅੱਸੀ ਰੁਪਏ ਦੀ ਤੇ ਰੋਟੀ ਪਚਾਸੀ ਦੀ ਹੈ।

"ਲਓ ਬਾਊ ਜੀ ਆਪ ਕੀ ਥਾਲੀ।" ਰਾਜਸਥਾਨੀ ਕਰਿੰਦੇ ਨੇ ਸਪੈਸ਼ਲ ਥਾਲੀ ਸਾਡੇ ਮੂਹਰੇ ਰੱਖ ਦਿੱਤੀ ਤੇ ਨਾਲ ਹੀ ਦੋ ਡਿਸਪੇਜੇਬਲ ਗਿਲਾਸ ਅਤੇ ਪਾਣੀ ਦਾ ਜੱਗ। ਮੈਂ ਥਾਲੀ ਦਾ ਮੁਆਇਨਾ ਕੀਤਾ। ਉਸ ਵਿੱਚ ਵੇਸ਼ਨ ਗੱਟੇ, ਕੜ੍ਹੀ, ਸਾਂਗਰੀ, ਦਾਲ ਵੜੀ, ਸਾਬੂਤ ਪਿਆਜ਼ ਦੀ ਸਬਜ਼ੀ ਵੱਖ ਵੱਖ ਕੌਲੀਆਂ ਵਿੱਚ ਪਾਈ ਹੋਈ ਸੀ। ਇੱਕ ਕੌਲੀ ਵਿੱਚ ਲੱਸਣ ਲਾਲ ਮਿਰਚ ਦੀ ਚੱਟਣੀ ਅਤੇ ਦੂਜੀ ਵਿੱਚ ਦੇਸੀ ਘਿਓ ਦਾ ਚੂਰਮਾ ਸੀ। ਲੱਕੜ ਨਾਲ ਬਲਦੇ ਚੁੱਲ੍ਹੇ ਤੇ ਪੱਕੀਆਂ ਕੋਲਿਆਂ ਦੀ ਅੱਗ, ਸੇਕੀਆਂ ਅਤੇ ਦੇਸੀ ਘਿਓ ਨਾਲ ਚੋਪੜੀਆਂ ਗਰਮ ਗਰਮ ਰੋਟੀਆਂ ਦੋ ਦੋ ਕਰਕੇ ਆ ਰਹੀਆਂ ਹਨ। ਅੱਜ ਬੇਟੇ ਦੀ ਮੈਰਿਜ ਐਨਵਰਸਰੀ ਸੀ ਉਹ ਸ਼ਿਮਲੇ ਗਏ ਸਨ ਤੇ ਅਸੀਂ ਕੁੱਕ ਨੂੰ ਛੁੱਟੀ ਦੇਕੇ ਇਹ ਲਜ਼ੀਜ਼ ਡਿਨਰ ਕਰਨ ਆਏ ਸੀ। ਕਿਉਂਕਿ ਸਾਡੇ ਗੋਢੇ ਗਿੱਟੇ ਤਾਂ #114ਸੀਸ਼ਮਹਿਲ ਦੀਆਂ ਤੇਰਾਂ ਪੌੜ੍ਹੀਆਂ ਚੜ੍ਹਨ ਦੀ ਮਸਾਂ ਇਜਾਜਤ ਦਿੰਦੇ ਹਨ ਸਿਮਲੇ ਦੀ ਮਾਲ ਰੋਡ ਤੇ ਕੈਵਟੀ ਫਾਲ ਤਾਂ ਸੁਫਨਾ ਹੀ ਹੋ ਗਿਆ। ਦੋ ਸੌ ਇੱਕ ਰੁਪਏ ਰਾਹੀਂ ਗੂਗਲ ਪੇ ਕਰਕੇ ਅਸੀਂ ਆਪਣੇ ਆਪ ਨੂੰ ਸੁੱਖਵਿਲਾਸ ਰਿਟਰਨ ਸਮਝ ਰਹੇ ਸੀ।

**ਰਮੇਸ਼ ਸੇਠੀ ਬਾਦਲ**
**9876627233**
**ਬਠਿੰਡਾ**

# ਕੀ ਡੀ ਜੇ ਦੀ ਧਮਕ ਖੋਹ ਰਹੀ ਹੈ ਜ਼ਿੰਦਗੀਆਂ ...?

ਸਾਡੀ ਸੱਭਿਅਤਾ ਵਿੱਚ ਵਿਆਹ ਸ਼ਾਦੀਆਂ ਦੇ ਮੌਕੇ ਨੱਚਣਾ ਟੱਪਣਾ ਇੱਕ ਸੁਭਾਵਿਕ ਜਿਹੀ ਗੱਲ ਹੈ। ਜਦੋਂ ਖੁਸ਼ੀ ਦਾ ਮੌਕਾ ਹੋਵੇ ਤਾਂ ਦਿਲ ਅੰਦਰ ਉਮੰਗ , ਮੂੰਹੋਂ ਆਪ ਮੁਹਾਰੇ ਸੰਗੀਤ ,ਕੰਨਾਂ ਵਿੱਚ ਉਸ ਦਾ ਭਿੰਨਾਂ ਭਿੰਨਾਂ ਰਸ ਤੇ ਪੈਰਾਂ ਵਿੱਚ ਥਿੜਕਣ ਸਹਿਜ ਸੁਭਾਅ ਹੀ ਉਪਜਣ ਲੱਗਦੇ ਹਨ। ਪਹਿਲੇ ਸਮਿਆਂ ਵਿੱਚ ਲੜਕੀ ਜਾਂ ਲੜਕੇ ਦੇ ਵਿਆਹ ਵਾਲੇ ਘਰਾਂ ਵਿੱਚ ਗਿਆਰਾਂ ਜਾਂ ਇੱਕੀ ਦਿਨ ਪਹਿਲਾਂ ਹੀ ਰਾਤ ਦੇ ਸਮੇਂ ਪਿੰਡ ਦੀਆਂ ਅਤੇ ਆਂਢ ਗੁਆਂਢ ਦੀਆਂ ਬਜ਼ੁਰਗ ਔਰਤਾਂ ਵੱਲੋਂ ਵਿਆਹ ਵਾਲੇ ਘਰ ਗਾਉਣ ਬਿਠਾਉਣ ਦੀ ਰਸਮ ਵਿੱਚ ਲੰਮੀ ਹੇਕ ਨਾਲ ਪੰਜ ਜਾਂ ਸੱਤ ਘੋੜੀਆਂ ਸੁਹਾਗ ਗਾਉਣ ਦੀ ਰੀਤ ਸੀ ਤੇ ਉਸ ਤੋਂ ਮਗਰੋਂ ਕੁੜੀਆਂ ਚਿੜੀਆਂ ਬੋਲੀਆਂ ਪਾ ਕੇ ਗਿੱਧੇ ਵਿੱਚ ਖ਼ੂਬ ਨੱਚਦੀਆਂ। ਉਹਨਾਂ ਨੂੰ ਜਾਂਦੇ ਹੋਏ ਸ਼ਗਨ ਵਜੋਂ ਉਹਨਾਂ ਦੀ ਝੋਲੀ ਵਿੱਚ ਬੁੱਕ ਬੁੱਕ ਪਤਾਸੇ ਦੇ ਕੇ ਤੋਰਿਆ ਜਾਂਦਾ ਸੀ। ਇਸੇ ਤਰ੍ਹਾਂ ਮੁੰਡਿਆਂ ਵੱਲੋਂ ਵੀ ਕੋਈ ਢੋਲਚੀ ਮੰਗਵਾ ਕੇ ਢੋਲ ਦੀ ਥਾਪ ਤੇ ਬੋਲੀਆਂ ਪਾ ਕੇ ਤੇ ਭੰਗੜਾ ਪਾ ਕੇ ਖੁਸ਼ੀ ਮਨਾਈ ਜਾਂਦੀ ਸੀ। ਨਾਨਕਿਆਂ ਤੇ ਦਾਦਕਿਆਂ ਵੱਲੋਂ ਸਿੱਠਣੀਆਂ ਗਾਉਣੀਆਂ, ਵਿਆਹ ਵਾਲੇ ਦਿਨ ਕੁੜੀਆਂ ਵੱਲੋਂ ਸਿੱਖਿਆ ਪੜ੍ਹੀ ਜਾਣੀ,ਜੰਝ ਬੰਨ੍ਹਣਾ ਤੇ ਖੋਲ੍ਹਣਾ, ਰਵਾਇਤੀ ਬੈਂਡ ਵਾਜਿਆਂ ਨਾਲ ਬਰਾਤ ਦਾ ਆਗਮਨ ਤੇ ਕੁੜੀ ਦੀ ਵਿਦਾਈ ਕੀਤੀ ਜਾਂਦੀ ਸੀ। ਵਹੁਟੀ ਵਿਆਹ ਕੇ ਲਿਆਉਣੀ ਤਾਂ ਮੇਲ਼ ਅਤੇ ਪਿੰਡ ਦੀਆਂ ਕੁੜੀਆਂ ਚਿੜੀਆਂ ਵੱਲੋਂ ਫਿਰ ਗਿੱਧਾ ਪਾਕੇ ਖੁਸ਼ੀ ਮਨਾਈ ਜਾਂਦੀ ਸੀ। ਸੰਗੀਤ ਦਾ ਵਿਆਹਾਂ ਨਾਲ਼ ਇਹੀ ਨਾਤਾ ਸੀ। ਇਸੇ ਤਰ੍ਹਾਂ ਕਈ ਕਈ ਦਿਨ ਵਿਆਹ ਵਾਲੇ ਘਰ ਦੀਆਂ ਰੌਣਕਾਂ ਬਣੀਆਂ ਰਹਿੰਦੀਆਂ ਸਨ ਤੇ ਭਿੰਨਾਂ ਜਿਹਾ ਸੰਗੀਤ ਦਿਮਾਗ ਵਿੱਚ ਗੂੰਜਦਾ ਰਹਿੰਦਾ ਸੀ। ਇਸੇ ਤਰ੍ਹਾਂ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਸੀ। ਇੱਥੋਂ ਤੱਕ ਕਿ ਸਕੂਲਾਂ, ਕਾਲਜਾਂ ਵਿੱਚ ਵਿਦਾਇਗੀ ਸਮਾਰੋਹ ਵਿਦਿਆਰਥੀਆਂ ਵੱਲੋਂ ਛੋਟੀਆਂ ਛੋਟੀਆਂ ਖੇਡਾਂ ਖੇਡ ਕੇ,ਗੀਤ ਗਾ ਕੇ,ਸਕਿੱਟ ਪੇਸ਼ ਕਰਕੇ, ਨਕਲਾਂ ਕਰਕੇ, ਕਵਿਤਾਵਾਂ ਪੜ੍ਹਕੇ ਜਸ਼ਨ ਮਨਾਉਣ ਦਾ ਰਿਵਾਜ ਸੀ। ਸਮੇਂ ਨੇ ਐਸੀ ਤੇਜ਼ ਰਫ਼ਤਾਰੀ ਫੜੀ ਕਿ ਦੇਖਦਿਆਂ ਹੀ ਦੇਖਦਿਆਂ ਵਿਆਹਾਂ ਅਤੇ ਪਾਰਟੀਆਂ ਦੀ ਰੂਪ ਰੇਖਾ ਹੀ ਬਦਲ ਗਈ। ਵਿਆਹ ਘਰਾਂ ਵਿੱਚੋਂ ਨਿਕਲ ਕੇ ਪੈਲੇਸਾਂ ਵਿੱਚ ਚਲੇ ਗਏ ਹਨ । ਸਾਰੇ ਰੀਤੀ ਰਿਵਾਜ ਵਟਣਾ ਮਲਣਾ, ਮਹਿੰਦੀ ਲਾਉਣਾ,ਜਾਗੋ ਕੱਢਣੀ, ਵਿਆਹ ਸਮਾਗਮ,ਰਿਸੈਪਸ਼ਨ ਕਰਨੀ ਆਦਿ ਸਭ ਕੁਝ ਪੈਲੇਸਾਂ ਵਿੱਚ ਹੋਣ ਲੱਗ ਪਿਆ ਹੈ। ਉੱਥੇ ਰਸਮਾਂ ਤਾਂ ਕੁਝ ਕੁ ਸਮੇਂ ਦਾ ਮਹਿਜ਼ ਇੱਕ ਦਿਖਾਵਾ ਹੀ ਹੁੰਦੀਆਂ ਹਨ ਬਾਕੀ ਸਭ ਕੁਝ ਤਾਂ ਇੱਕੋ ਜਿਹਾ ਹੀ



ਹੁੰਦਾ ਹੈ ਜਿਵੇਂ ਮਹਿਮਾਨਾਂ ਦਾ ਆਉਣਾ, ਸਟਾਲਾਂ ਤੇ ਖਾਣਾ ਪੀਣਾ,ਡੀ ਜੇ ਤੇ ਨੱਚਣਾ ਤੇ ਆਪੋ ਆਪਣੇ ਘਰਾਂ ਨੂੰ ਤੁਰ ਜਾਣਾ। ਜੇ ਕੋਈ ਇਹ ਸਾਰੇ ਪ੍ਰੋਗਰਾਮ ਘਰ ਵਿੱਚ ਵੀ ਆਯੋਜਿਤ ਕਰਦਾ ਹੈ ਤਾਂ ਡੀ ਜੇ ਲਗਾਉਣਾ ਤਾਂ ਮੁੱਢਲੀ ਜ਼ਰੂਰਤ ਬਣ ਗਈ ਹੈ। ਅੱਜ ਕੱਲ੍ਹ ਦੇ ਕੁੜੀਆਂ ਮੁੰਡੇ, ਮਾਂ ਪਿਓ ਤੇ ਰਿਸ਼ਤੇਦਾਰ ਸਭ ਡੀ ਜੇ ਦੀ ਉੱਚੀ ਅਵਾਜ਼ ਤੇ ਇਸ ਤਰ੍ਹਾਂ ਨੱਚ ਰਹੇ ਹੁੰਦੇ ਹਨ ਕਿ ਮਾਨੋ ਰਿਸ਼ਤਿਆਂ ਦੀ ਸ਼ਰਮ ਹਯਾ ਬਿਲਕੁਲ ਖੰਭ ਲਾ ਕੇ ਉਡ ਗਈ ਹੁੰਦੀ ਹੈ। ਡੀ ਜੇ ਦੀ ਉੱਚੀ ਅਵਾਜ਼ ਨੇੜੇ ਤੇੜੇ ਦੇ ਘਰਾਂ ਦੀਆਂ ਖਿੜਕੀਆਂ ਦਰਵਾਜ਼ੇ ਤੱਕ ਹਿਲਾ ਰਹੀ ਹੁੰਦੀ ਹੈ, ਕਿਸੇ ਨੂੰ ਕਿਸੇ ਦੀ ਕੋਈ ਅਵਾਜ਼ ਸਮਝ ਨਹੀਂ ਆ ਰਹੀ ਹੁੰਦੀ,ਸਰੀਰ ਦੇ ਅੰਦਰੂਨੀ ਅੰਗਾਂ ਵਿੱਚ ਵੀ ਖਿੜਕੀਆਂ ਦਰਵਾਜ਼ਿਆਂ ਵਾਂਗ ਹੀ ਕੰਪਨ ਜਿਹੀ ਹੋ ਰਹੀ ਹੁੰਦੀ ਹੈ। ਅੱਜ ਕੱਲ੍ਹ ਨਵੀਂ ਪੀੜ੍ਹੀ ਦੇ ਯੁਵਕ ਯੁਵਤੀਆਂ ਵੱਲੋਂ ਡੀ ਜੇ ਬਿਨਾਂ ਕੋਈ ਫੰਕਸ਼ਨ ਸੰਪੂਰਨ ਮੰਨਿਆ ਹੀ ਨਹੀਂ ਜਾਂਦਾ। ਇੱਥੋਂ ਤੱਕ ਕਿ ਸਕੂਲਾਂ ਕਾਲਜਾਂ ਦੀਆਂ ਵਿਦਾਇਗੀ ਪਾਰਟੀਆਂ ਵਿੱਚ ਵੀ ਡੀ ਜੇ ਦੀ ਸ਼ਮੂਲੀਅਤ ਕੀਤੀ ਜਾਂਦੀ ਹੈ ਅਤੇ ਕਈ ਵਾਰ ਤਾਂ ਡੀ ਜੇ ਦੀ ਲੋਰ ਤੇ ਨੱਚਦੇ ਟੱਪਦੇ ਗੁਰੂ ਸ਼ਿਸ਼ ਦੀ ਮਰਿਆਦਾ ਵੀ ਛਿੱਕੂ ਵਿੱਚ ਪਾ ਕੇ ਟੰਗੀ ਜਾਂਦੀ ਹੈ।

ਅੱਜ ਕੱਲ੍ਹ ਦੀਆਂ ਖਬਰਾਂ ਵਿੱਚ ਵਿਆਹ ਸ਼ਾਦੀਆਂ ਦੇ ਮੌਕੇ ਦੁਲਹਨ ਦੀ ਮੌਤ,ਲਾੜੇ ਦੀ ਮੌਤ ਜਾਂ ਬਰਾਤ ਵਿੱਚ ਨੱਚਦੇ ਹੋਏ ਕਿਸੇ ਨਜ਼ਦੀਕੀ ਦੀ ਮੌਤ ਹੋਣ ਦੀਆਂ ਮੰਦਭਾਗੀ ਖ਼ਬਰਾਂ ਵਿੱਚ ਦਿਨੋ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਆਏ ਦਿਨ ਇਹੋ ਜਿਹੀਆਂ ਕੋਈ ਨਾ ਕੋਈ ਖ਼ਬਰਾਂ ਸੁਣਨ ਨੂੰ ਮਿਲਦੀਆਂ ਹਨ। ਐਥੋਂ ਤੱਕ ਕਿ ਕੁਝ ਕੁ ਸਮਾਂ ਪਹਿਲਾਂ ਕਰਵਾ ਚੌਥ ਵਾਲੇ ਦਿਨ ਵੀ ਵਰਤ ਖੋਲ੍ਹਣ ਤੋਂ ਕੁਝ ਮਿੰਟ ਪਹਿਲਾਂ ਕਿਸੇ ਔਰਤ ਦੀ ਡੀ ਜੇ ਤੇ ਨੱਚਦੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਇਹ ਤਾਂ ਸੁਣ ਕੇ ਵੀ ਹੈਰਾਨੀ ਹੋਈ ਕਿ ਸਾਰੇ ਦਿਨ ਦੀਆਂ ਭੁੱਖੀਆਂ ਭਾਣੀਆਂ ਔਰਤਾਂ ਨੂੰ ਉੱਚੀ ਅਵਾਜ਼ ਵਿੱਚ ਡੀ ਜੇ ਲਗਾ ਕੇ ਨੱਚਣ ਦੀ ਕੀ ਲੋੜ ਪੈ ਗਈ ਸੀ? ਇਹ ਕਿਹੋ ਜਿਹਾ ਜਸ਼ਨ ਹੋਇਆ ਜਿਸ ਵਿੱਚ ਆਪਣੀ ਸਿਹਤ ਨਾਲ ਸਿੱਧੇ ਤੌਰ ਤੇ ਆਪ ਹੀ ਖਿਲਵਾੜ ਕੀਤਾ ਜਾਂਦਾ ਹੈ। ਆਮ ਲੋਕ ਇਹੋ ਜਿਹੀਆਂ ਮੌਤਾਂ ਨੂੰ ਕਲਯੁਗ ਦੀ ਨਿਸ਼ਾਨੀ ਆਖ ਕੇ ਗੱਲ ਨਿਬੇੜ ਦਿੰਦੇ ਹਨ। ਇਸ ਦੀ ਅਸਲ ਤਹਿ ਤੱਕ ਕੋਈ ਪਹੁੰਚਣ ਦੀ ਗੱਲ ਹੀ ਨਹੀਂ ਕਰਦਾ। ਕਿਉਂ ਕਿ ਇਹੋ ਜਿਹੀਆਂ ਘਟਨਾਵਾਂ ਪਿੱਛੇ ਕਿਤੇ ਨਾ ਕਿਤੇ ਮਨੁੱਖ ਆਪ ਹੀ ਜ਼ਿੰਮੇਵਾਰ ਨਜ਼ਰ ਆਉਂਦੇ ਹਨ। ਅਸਲ ਵਿੱਚ ਅਤਿ ਉੱਚੀ ਅਵਾਜ਼ ਵਿੱਚ ਲੱਗਿਆ ਡੀ ਜੇ ਹੀ ਇਸ ਸਭ ਕੁਝ ਦਾ ਮੁੱਖ ਕਾਰਨ ਬਣਦਾ ਹੈ। ਇਸ ਦੀ ਧਮਕ ਸਿੱਧੇ ਤੌਰ ਤੇ ਮਨੁੱਖੀ ਦਿਲ ਅਤੇ ਦਿਮਾਗ ਉੱਤੇ ਅਸਰ ਕਰਦੀ ਹੈ। ਸਮਾਗਮਾਂ ਦੌਰਾਨ ਤਲਿਆ ਅਤੇ ਭਾਰਾ ਖਾਣਾ ਖਾ ਕੇ ਤੇ ਉੱਤੋਂ ਨੱਚ ਟੱਪ ਕੇ ਇੱਕ ਤਾਂ ਪਹਿਲਾਂ ਹੀ ਮਨੁੱਖੀ ਰਕਤਚਾਪ ਉੱਚੇ ਸਤਰ ਤੇ ਪਹੁੰਚ ਜਾਂਦਾ ਹੈ ਤੇ ਉੱਪਰੋਂ ਕੰਨ ਪਾੜਵੀਆਂ ਡੀ ਜੇ ਦੀਆਂ ਅਵਾਜ਼ਾਂ ਨਾਲ ਕਈਆਂ ਨੂੰ ਸਿਰ ਦਰਦ, ਘਬਰਾਹਟ,ਉਲਟੀ ਵਾਂਗ ਮਹਿਸੂਸ ਹੋਣ ਲੱਗਦਾ ਹੈ। ਜਿਸ ਕਾਰਨ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਵਧ ਜਾਂਦੀ ਹੈ। ਬਾਹਰਲੇ ਮੁਲਕਾਂ ਵਿੱਚ ਅੰਗਰੇਜ਼ਾਂ ਦੇ ਵਿਆਹਾਂ ਵਿੱਚ ਹਲਕਾ ਮਿਊਜ਼ਿਕ ਚਲਾਇਆ ਜਾਂਦਾ ਹੈ ਜੋ ਕੰਨਾਂ ਨੂੰ ਸੁਰੀਲਾ ਲੱਗਦਾ ਹੈ ਤੇ ਮਨ ਨੂੰ ਸਕੂਨ ਦਿੰਦਾ ਹੈ ਜਿਸ ਨਾਲ ਖ਼ੁਸ਼ੀ ਦੁੱਗਣੀ ਹੋ ਜਾਂਦੀ ਹੈ।ਸਾਡੇ ਕਿਤੇ ਪੈਲੇਸ ਵਿੱਚੋਂ ਬਾਹਰ ਆਉਂਦੇ ਮਹਿਮਾਨਾਂ ਵੱਲ ਨੂੰ ਗਹੁ ਨਾਲ ਝਾਤੀ ਮਾਰੀਏ ਤਾਂ ਬਹੁਤੇ ਲੋਕ ਬੌਂਦਲੇ ਬੌਂਦਲੇ ਦਿਖਾਈ ਦਿੰਦੇ ਹਨ। ਐਨੀ ਉੱਚੀ ਅਵਾਜ਼ ਵਿੱਚ ਲਾਇਆ ਮਿਊਜ਼ਿਕ ਸਕੂਨ ਦੇਣ ਦੀ ਥਾਂ ਘਬਰਾਹਟ ਹੀ ਪੈਦਾ ਕਰਦਾ ਹੈ। ਇਸ ਦੀ ਉਚੇਚੇ ਤੌਰ ਤੇ ਵਧਾਈ ਹੋਈ ਧਮਕ ਸਾਡੇ ਅੰਦਰੂਨੀ ਅੰਗਾਂ ਤੇ ਬਹੁਤ ਬੁਰਾ ਪ੍ਰਭਾਵ ਪਾਉਂਦੀ ਹੈ। ਇਸ ਸਬੰਧੀ ਸਾਡੇ ਪ੍ਰਦੂਸ਼ਣ ਕੰਟਰੋਲ ਬੋਰਡ ਵਾਲਿਆਂ ਨੂੰ ਧਿਆਨ ਦੇਣ ਦੀ ਲੋੜ ਹੈ। ਉਹਨਾਂ ਵੱਲੋਂ ਉੱਚੀ ਅਵਾਜ਼ ਵਿੱਚ ਤੇਜ਼ ਧਮਕ ਵਾਲੇ ਡੀ ਜੇ ਲਾਉਣ ਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਪੈਲੇਸ ਮਾਲਕਾਂ ਨੂੰ ਜਾਂ ਘਰਾਂ ਵਿੱਚ ਵੀ ਡੀ ਜੇ ਦੀ ਵੱਖਰੀ ਕਿਸਮ ਦੀ ਤੇਜ਼ ਧਮਕ ਨਾ ਲਗਾਉਣ ਅਤੇ ਅਵਾਜ਼ ਨੂੰ ਸੀਮਤ ਹੱਦ ਤੱਕ ਰੱਖਣ ਲਈ ਹਦਾਇਤਾਂ ਜਾਰੀ ਕਰਨ ਦੀ ਲੋੜ ਹੈ ਤਾਂ ਜੋ ਧੁਨੀ ਪ੍ਰਦੂਸ਼ਣ 'ਤੇ ਕੰਟਰੋਲ ਕਰਨ ਦੇ ਨਾਲ ਨਾਲ ਕੀਮਤੀ ਜਾਨਾਂ ਨੂੰ ਵੀ ਬਚਾਇਆ ਜਾ ਸਕੇ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਸੋਮਾਲੀਆ ਦੇ ਸਮੁੰਦਰੀ ਲੁਟੇਰਿਆਂ ਦੀ ਗਾਥਾ

ਸਮੁੰਦਰਾਂ ਵਿਚ ਸਮੁੰਦਰੀ ਜਹਾਜਾਂ ਨੂੰ ਕਬਜੇ ਵਿਚ ਕਰਕੇ ਉਹਨਾਂ ਦੇ ਕਰੂਜ਼ ਮੈਂਬਰਾਂ, ਯਾਤਰੀਆਂ, ਅਤੇ ਕੈਪਟਨ ਨੂੰ ਡਰਾ ਧਮਕਾ ਕੇ, ਦਬਾਅ ਬਣਾ ਕੇ ਜਹਾਜ ਮਾਲਕਾਂ ਤੋਂ ਫਿਰੋਤੀ ਦੀ ਮੰਗ ਕਰਨ ਵਾਲੇ ਸਮੁੰਦਰੀ ਲੁਟੇਰੇ ਲਗਾਤਾਰ ਬੜੇ ਸਰਗਰਮ ਹਨ। ਉਹਨਾਂ ਦਾ ਆਪਣੇ ਸਮੁੰਦਰੀ ਖੇਤਰ ਵਿਚ ਪੂਰਾ ਦਬਦਬਾ ਚੱਲਦਾ ਹੈ ਤੇ ਉਹਨਾਂ ਦਾ ਭੈਅ ਹਰ ਪਾਸੇ ਫੈਲਿਆ ਹੋਇਆ ਹੈ। ਸੋਮਾਲੀਆ ਦੇ ਦੇਸ਼ ਦਾ ਸਮੁੰਦਰੀ ਤੱਟ ਦਾ ਖੇਤਰ ਅਦਨ ਦੀ ਖਾੜੀ, ਅਰਬ ਸਾਗਰ ਅਤੇ ਹਿੰਦ ਮਹਾਂਸਾਗਰ ਨਾਲ ਲੱਗਦਾ ਹੈ। ਇਹਨਾਂ ਸਮੁੰਦਰੀ ਖੇਤਰਾਂ ਦੇ ਨੇੜਲੇ ਖੇਤਰਾਂ ਵਿਚ ਜਿੱਥੋਂ ਦੇ ਸਮੁੰਦਰੀ ਜਹਾਜ਼ ਬੇੜੇ ਲੰਘਦੇ ਹਨ ਉਥੋਂ ਤੱਕ ਸਮਾਲੀਆ ਦੇ ਸਮੁੰਦਰੀ ਲੁਟੇਰਿਆਂ ਦੀ ਲੁੱਟ ਦਾ ਖੇਤਰ ਹੈ। ਸੰਨ 1960 ਵਿਚ ਸੋਮਾਲੀਆ ਆਜ਼ਾਦ ਹੋਇਆ ਪਰ ਫਿਰ ਵੀ ਉਥੋਂ ਦਾ ਸਰਕਾਰੀ ਢਾਂਚਾ ਕੋਈ ਜ਼ਿਆਦਾ ਵਧੀਆ ਨਹੀਂ ਸੀ ਅਤੇ ਦੇਸ਼ ਵਿਚ ਅਰਾਜਕਤਾ ਫੈਲ ਗਈ। ਸੋਮਾਲੀਆ ਦੇ ਲਾਗੇ ਸਮੁੰਦਰ ਵਿਚ ਮੱਛੀਆਂ ਦਾ ਭੰਡਾਰ ਹੋਣ ਕਰਕੇ ਬਹੁਤ ਸਾਰੇ ਲੋਕ ਮੱਛੀਆਂ ਦਾ ਵਪਾਰ ਕਰਦੇ ਸਨ ਉਦੋਂ ਸਮੁੰਦਰੀ ਲੁਟੇਰਿਆਂ ਦਾ ਕੋਈ ਨਾਮੋਂ ਨਿਸ਼ਾਨ ਨਹੀਂ ਸੀ ਜਦੋਂ ਦੇਸ਼ ਵਿਚ ਖਾਨਾ ਜੰਗੀ ਹੋਈ ਤਾਂ ਇਸ ਦਾ ਫਾਇਦਾ ਵਿਦੇਸ਼ੀ ਕੰਪਨੀਆਂ ਨੇ ਚੁੱਕਿਆ ਤੇ ਵੱਡੀ ਪੱਧਰ ਤੇ ਆਰਥਿਕ ਲੁੱਟ ਕੀਤੀ। ਜਦੋਂ ਸੋਮਾਲੀਆ ਦੇ ਲੋਕ ਆਪਣੀਆਂ ਛੋਟੀਆਂ ਕਿਸ਼ਤੀਆਂ ਨਾਲ ਸਮੁੰਦਰ ਵਿਚ ਜਾ ਕੇ ਮੱਛੀਆਂ ਫੜਦੇ ਸਨ ਤੇ ਇਸ ਤਰਾਂ ਉਹ ਆਪਣਾ ਵਪਾਰ ਕਰਦੇ ਸਨ। ਉਦੋਂ ਸੋਮਾਲੀਆ ਦੇ ਲੋਕਾਂ ਸਾਹਮਣੇ ਵਿਦੇਸ਼ੀ ਕੰਪਨੀਆਂ ਆ ਖੜੀਆਂ ਤੇ ਉਹਨਾਂ ਕੰਪਨੀਆਂ ਦੇ ਆਪਣੇ ਲੋਕ ਅਤੇ ਕਾਮੇ ਸਨ। ਇਸ ਤਰਾਂ ਸੋਮਾਲੀਆ ਦੇ ਲੋਕਾਂ ਦੇ ਕਾਰਜ ਪ੍ਰਭਾਵਿਤ ਹੋਏ, ਨੌਕਰੀਆਂ ਖਤਮ ਹੋਣ ਲੱਗੀਆਂ। ਦੇਸ਼ ਵਿਚ ਅਕਾਲ, ਭੁੱਖ, ਭੁੱਖ ਮਰੀ ਅਤੇ ਬੇਰੁਜ਼ਗਾਰੀ ਨੇ ਵੱਡੀ ਪੱਧਰ ਤੇ ਪੈਰ ਪਸਾਰ ਲਏ ਤੇ ਉਹਨਾਂ ਦਾ ਜਿਉਣਾ ਦੁੱਬਰ ਹੋ ਗਿਆ। ਸੋਮਾਲੀਆ ਦੇਸ਼ ਵਿਚ ਨਾ ਸਰਕਾਰ ਸੀ, ਨਾ ਪੁਲਿਸ ਸੀ ਤੇ ਨਾ ਹੀ ਕੋਈ ਪ੍ਰਬੰਧ ਸੀ। ਜਦੋਂ ਵਿਦੇਸ਼ੀ ਕੰਪਨੀਆਂ ਸੋਮਾਲੀਆ ਖੇਤਰ ਵਿਚ ਆਉਂਦੇ ਸਨ ਤਾਂ ਉਹ ਜਾਨਲੇਵਾ ਜ਼ਹਿਰ, ਕੂੜਾ ਕਰਕਟ ਸੁੱਟਦੇ ਤੇ ਮੁੜਦੇ ਹੋਏ ਮੱਛੀਆਂ ਫੜ ਕੇ ਲੈ ਜਾਂਦੇ ਸਨ। ਇਸ ਤਰਾਂ ਵਿਦੇਸ਼ੀ ਕੰਪਨੀਆਂ ਨੇ ਸੋਮਾਲੀਆ ਦੇ ਲੋਕਾਂ ਦੇ ਕਾਰੋਬਾਰ ਖਤਮ ਕਰ ਦਿੱਤੇ। ਸੋਮਾਲੀਆ ਦੇ ਲੋਕ ਇਹ ਧੱਕੇਸ਼ਾਹੀ, ਜ਼ੁਲਮ ਅਤੇ ਅਨਿਆ ਦੇਖ ਰਹੇ ਸਨ ਅਤੇ ਇਸਦੇ ਵਿਰੁੱਧ ਸੋਮਾਲੀਆ ਦੇ ਜਵਾਨ ਅੱਗੇ ਆਏ। ਉਹਨਾਂ ਨੇ ਆਪਣੇ ਸਮੁੰਦਰੀ ਤੱਟ ਦੀ ਰੱਖਿਆ ਲਈ ਵਿਦੇਸ਼ੀਆਂ ਦੇ ਵਿਰੁੱਧ ਡੱਟ ਕੇ ਪਹਿਰਾ ਦੇਣ ਲੱਗ ਗਏ। ਜਦੋਂ ਵਿਦੇਸ਼ੀ ਸਮੁੰਦਰੀ ਬੇੜੇ ਸੋਮਾਲੀਆ ਦੇ ਸਮੁੰਦਰ ਨੇੜੇ ਦੇ ਇਲਾਕਿਆਂ ਵਿਚ ਆਉਂਦੇ ਸਨ ਤਾਂ ਪਹਿਲਾਂ ਪਹਿਲ ਉਹ ਉਹਨਾਂ ਨੂੰ ਖਦੇੜ ਦਿੰਦੇ ਸਨ ਤੇ ਆਪਣੇ ਤੱਟ ਦੀ ਰੱਖਿਆ ਕਰਦੇ ਸਨ। ਫਿਰ ਸੋਮਾਲੀਆ ਦੇ ਰੱਖਿਆ ਜਵਾਨਾਂ ਦੇ ਦਿਮਾਗ ਵਿਚ ਸ਼ੈਤਾਨੀ ਯੋਜਨਾ ਆਈ ਤੇ ਉਹ ਆਪਣੀਆਂ ਕਿਸ਼ਤੀਆਂ ਵਿਚ ਬੈਠ ਕੇ ਹਥਿਆਰਾਂ ਨਾਲ ਸਮੁੰਦਰੀ ਜਹਾਜ਼ਾਂ ਨੂੰ ਕਬਜ਼ੇ ਵਿਚ ਕਰ ਲੈਂਦੇ ਤੇ ਲੁੱਟਾਂ ਖੋਹਾਂ ਕਰਦੇ। ਉਦੋਂ ਉਹਨਾਂ ਦੀ ਵਿਚਾਰਧਾਰਾ ਹੀ ਬਦਲ ਗਈ ਕਿਉਂਕ ਦੇਸ਼ ਵਿਚ ਨਾ ਨੌਕਰੀ, ਨਾ ਸਿੱਖਿਆ, ਨਾ ਖਾਣਾ ਅਤੇ ਨਾ ਧਨ ਸੀ। ਜ਼ਿੰਦਗੀ ਜਿਉਣ ਲਈ ਹਰ ਚੀਜ਼ ਦੀ ਲੋੜ ਹੁੰਦੀ ਹੈ ਤੇ ਉਹਨਾਂ ਕੋਲ ਕੁੱਝ ਵੀ ਨਹੀਂ ਸੀ। ਇਸ ਤਰਾਂ ਉਹਨਾਂ ਨੇ ਆਪਣੀ ਰਣਨੀਤੀ ਬਦਲ ਲਈ, ਉਹਨਾਂ ਕੋਲ ਪੁਰਾਤਨ ਸਮੇਂ ਵਾਲੀਆਂ ਕਿਸ਼ਤੀਆਂ ਤੇ ਬੰਦੂਕਾਂ ਸਨ। ਉਹ ਆਪਣੀਆਂ ਚਾਲਾਂ ਨਾਲ ਸਮੁੰਦਰੀ ਬੇੜਿਆਂ ਨੂੰ ਘੇਰ ਕੇ ਕਾਬੂ ਵਿਚ ਕਰ ਲੈਂਦੇ। ਉਹ ਪਹਿਲਾਂ ਬੰਦਿਆਂ ਨੂੰ ਡਰਾਉਂਦੇ, ਫਿਰ ਕਰੂਜ਼ ਮੁਲਾਜ਼ਮਾਂ ਨੂੰ ਧਮਕਾਉਂਦੇ ਤੇ ਬਾਅਦ ਵਿਚ ਕੈਪਟਨਾਂ ਨੂੰ ਜਾਨੋ ਮਾਰਨ ਦੀ ਧਮਕੀ ਦਿੰਦੇ ਸੀ। ਇਸ ਤਰ੍ਹਾਂ ਫਿਰ ਲੰਬਾ ਸਮਾਂ ਕਾਬੂ ਕਰੀ ਰੱਖਦੇ ਤੇ ਫਿਰ ਕੰਪਨੀ ਮਾਲਕਾਂ ਕੋਲੋਂ ਫਿਰੋਤੀ ਲੈ ਕੇ ਛੱਡਦੇ ਸਨ। ਇਸ ਸਮੁੰਦਰੀ ਰਸਤੇ ਰਾਹੀਂ, ਕਰੀਬ 20 ਫੀਸਦੀ ਸਮੁੰਦਰੀ ਬੇੜੇ ਲੰਘਦੇ ਸਨ। ਉਹ ਕਾਰਗੋ ਜਹਾਜ਼ ਨੂੰ ਕਾਬੂ ਕਰਕੇ ਲੁੱਟਦੇ ਸਨ ਤੇ ਫਿਰੋਤੀਆਂ ਲੈ ਕੇ ਖਹਿੜਾ ਛੱਡਦੇ ਸਨ। ਸੋਮਾਲੀਆ ਦੇ 70 ਫ਼ੀਸਦੀ ਆਮ ਨਾਗਰਿਕ ਸੋਮਾਲੀਆ ਲੁਟੇਰਿਆਂ ਦਾ ਸਮਰਥਨ ਕਰਦੇ ਹਨ। ਉਹਨਾਂ ਦੇ ਹੱਕ ਵਿਚ ਹਨ। ਉਹਨਾਂ ਨੇ ਹੌਲੀ ਹੌਲੀ ਸਪੀਡ ਬੋਟ, ਚੰਗੇ ਨਵੇਂ ਹਥਿਆਰ ,ਟਰੈਕਿੰਗ ਡਿਵਾਈਸ ਅਤੇ ਨਵਾਂ ਤਜਰਬਾ ਅਪਣਾਉਣਾ ਸ਼ੁਰੂ ਕਰ ਦਿੱਤਾ। ਇਹ ਸਪੀਡ ਬੋਟ ਸਮੁੰਦਰੀ ਬੇੜਿਆਂ ਨਾਲੋਂ ਬਹੁਤ ਤੇਜ਼ ਚੱਲਦੀ ਸੀ। ਇਸ ਤਰ੍ਹਾਂ ਉਹ ਤਿੰਨ ਚਾਰ ਸਪੀਡ ਬੋਟ ਲੈ ਕੇ ਸਮੁੰਦਰੀ ਬੇੜਿਆਂ ਨੂੰ ਘੇਰਾ ਪਾ ਕੇ ਕਾਬੂ ਕਰ ਲੈਂਦੇ ਸਨ ਤੇ ਫਿਰ ਫਿਰ ਆਪਣੀ ਸਪੀਡ ਬੋਟ, ਸਮੁੰਦਰੀ ਜਹਾਜ਼ ਦੇ ਨਾਲ ਲਾ ਕੇ ਹੁੱਕਾ, ਰੱਸੀਆਂ ਅਤੇ ਪੌੜੀਆਂ ਨਾਲ ਸਮੁੰਦਰੀ ਜਹਾਜਾਂ ਦੇ ਚੜ ਜਾਂਦੇ ਸਨ ਤੇ ਹਥਿਆਰਾਂ ਦੇ ਬਲਬੂਤੇ ਨਾਲ ਸਭ ਕੁੱਝ ਆਪਣੇ ਕਬਜ਼ੇ ਵਿਚ ਕਰ ਲੈਂਦੇ ਸਨ। ਉਹ ਇਹ ਸਾਰਾ ਕੰਮ ਅੱਧੇ ਘੰਟੇ ਵਿਚ ਕਰ ਲੈਂਦੇ ਸਨ। ਸਮੁੰਦਰੀ ਲੁਟੇਰੇ ਫਿਰ ਇੰਨਾਂ ਜਹਾਜਾਂ ਨੂੰ ਇਕ ਪਾਸੇ ਟਿਕਾਣੇ ਤੇ ਲੈ ਜਾਂਦੇ ਸਨ ਉਥੇ ਉਨ੍ਹਾਂ ਚਿਰ ਕਾਬੂ ਵਿਚ ਰੱਖਦੇ ਸਨ ਜਿੰਨਾ ਚਿਰ ਉਹਨਾਂ ਨੂੰ ਚੰਗੀ ਫਿਰੋਤੀ ਨਹੀਂ ਮਿਲ ਜਾਂਦੀ ਸੀ। ਉਹਨਾਂ ਦੀ ਪ੍ਰਾਪਤੀ ਦੀ ਰਾਸ਼ੀ ਉਹਨਾਂ ਤੱਕ ਪੈਰਾਸ਼ੂਟ ਰਾਹੀਂ ਪਹੁੰਚਦੀ ਸੀ। ਅਕਸਰ ਹੀ ਸਮੁੰਦਰੀ ਲੁਟੇਰੇ ਇੱਕ ਅੱਖ ਢੱਕ ਕੇ ਰੱਖਦੇ ਸਨ ਕਿਉਂਕਿ ਜਦੋਂ ਵੀ ਉਹ ਚਾਨਣ ਤੋਂ ਹਨੇਰੇ ਜਾਂ ਹਨੇਰੇ ਤੋਂ ਚਾਨਣ ਵਿਚ ਜਾਂਦੇ ਸੀ ਤਾਂ ਉਦੋਂ ਅੱਖਾਂ ਨੂੰ ਸੈਟ ਹੋਣ ਲਈ ਕੁੱਝ ਸਮਾਂ ਲੱਗਦਾ ਸੀ। ਇਸ ਕਰਕੇ ਉਹ ਜਹਾਜ਼ ਉਪਰ ਉਪਰਲੀ ਖੁੱਲੀ ਛੱਤ ਚਾਨਣ ਵਾਲੀ ਤੋਂ ਹੇਠਲੀ ਅੰਦਰਲੀ ਹਨੇਰੇ ਵਾਲੀ ਮੰਜ਼ਿਲ ਵਿਚ ਜਾਣ ਸਮੇਂ ਉਹ ਹੇਠਾਂ ਜਾ ਕੇ ਆਪਣੀ ਅੱਖ ਤੋਂ ਪੱਟੀ ਉਤਾਰ ਦਿੰਦੇ ਸਨ ਤੇ ਉਹਨਾਂ ਨੂੰ ਉਸ ਅੱਖ ਵਿਚ ਮੌਕੇ ਤੇ ਹੀ ਸਹੀ ਦਿਸਦਾ ਸੀ ਤੇ ਦੂਜੀ ਖੁੱਲੀ ਅੱਖ ਲਈ ਸਮਾਂ ਲੱਗਦਾ ਸੀ। ਇਸ ਕਰਕੇ ਉਹਨਾਂ ਨੂੰ ਦੇਖਣ ਵਿਚ ਕੋਈ ਮੁਸ਼ਕਿਲ ਨਹੀਂ ਆਉਂਦੀ ਸੀ ਉਹ ਜਲਦੀ ਹੀ ਸਭ ਨੂੰ ਕਾਬੂ ਕਰ ਲੈਂਦੇ ਸਨ। ਸੋਮਾਲੀਆ ਦੇ ਲੁਟੇਰਿਆਂ ਕੋਲ ਚੰਗਾ ਧਨ ਅਤੇ ਚੰਗੀ ਸ਼ਕਤੀ ਸੀ। ਉਹ ਦਿਨੋ ਦਿਨ ਤਕੜੇ ਹੋ ਰਹੇ ਸਨ। ਉਹ ਸੁੰਦਰ ਔਰਤਾਂ ਨਾਲ ਵਿਆਹੇ ਹੋਏ ਹਨ ਤੇ ਉਹਨਾਂ ਦੀ ਉਮਰ ਵੀ 25 ਤੋਂ 35 ਸਾਲ ਦੇ ਵਿਚਕਾਰ ਹੈ ਜਿਹੜੇ ਲੁਟੇਰੇ ਜਲਦੀ ਸੈੱਟ ਹੋ ਜਾਂਦੇ ਸੀ ਉਹ ਦੂਜਾ ਅਤੇ ਤੀਜਾ ਵਿਆਹ ਕਰਵਾ ਲੈਂਦੇ ਸੀ ਅਤੇ ਬੜੇ ਫੈਸ਼ਨ ਕਰਦੇ ਸੀ। ਉਹਨਾਂ ਕੋਲ ਵੱਡੇ ਘਰ, ਨਵੀਆਂ ਕਾਰਾਂ ਅਤੇ ਨਵੇਂ ਹਥਿਆਰ ਸਨ। ਉਹ ਲੁੱਟੀ ਹੋਈ ਰਾਸ਼ੀ ਦਾ ਕੁੱਝ ਹਿੱਸਾ ਆਪਣੇ ਗਰੀਬ ਨਾਗਰਿਕਾਂ ਅਤੇ ਅਪਾਹਜਾਂ ਤੇ ਖਰਚ ਕਰਦੇ ਸਨ। ਸੰਨ 2009 ਵਿਚ ਅਮਰੀਕਾ ਤੇ ਹੋਰ ਦੇਸ਼ਾਂ ਨੇ ਅੰਤਰਰਾਸ਼ਟਰੀ ਜਲ ਮਿਸ਼ਨ ਟਾਸਕ ਬਲ ਦਾ ਗਠਨ ਕੀਤਾ, ਇਸੇ ਤਰ੍ਹਾਂ ਯੂਰਪੀਅਨ ਯੂਨੀਅਨ ਤੇ ਨਾਟੋ ਦੇਸ਼ ਅਤੇ ਫਿਰ ਚੀਨ, ਰੂਸ ਅਤੇ ਭਾਰਤ ਨੇ ਵੀ ਸੁਰੱਖਿਆ ਬਲ ਤੈਨਾਤ ਕਰ ਦਿਤੇ। ਇਸ ਤਰ੍ਹਾਂ ਸੰਨ 2011 ਵਿਚ 237, ਸੰਨ 2012 ਵਿਚ 75 ਅਤੇ ਸੰਨ 2013 ਵਿਚ 15 ਘਟਨਾਵਾਂ ਹੋਈਆਂ ਸਨ। ਜਦੋਂ ਤੋਂ ਸਮੁੰਦਰੀ ਵਪਾਰਕ ਜਹਾਜਾਂ ਤੇ ਹਥਿਆਰਬੰਦ ਸੁਰੱਖਿਆ ਦਸਤੇ ਤੈਨਾਤ ਹੋਏ ਹਨ ਉਸ ਸਮੇਂ ਤੋਂ ਸਮੁੰਦਰੀ ਲੁਟੇਰਿਆਂ ਨੂੰ ਭਾਰੀ ਨੁਕਸਾਨ ਝੱਲਣਾ ਪਿਆ ਕਿਉਂਕਿ ਜਦੋਂ ਵੀ ਸਮੁੰਦਰੀ ਲੁਟੇਰੇ ਸਪੀਡ ਬੋਟ ਰਾਹੀਂ ਸਮੁੰਦਰੀ ਜਹਾਜ ਨੂੰ ਲੁੱਟਣ ਲਈ ਆਉਂਦੇ ਸਨ ਤਾਂ ਇਹ ਸੁਰੱਖਿਆ ਗਾਰਡ ਉਹਨਾਂ ਤੇ ਹਮਲਾ ਕਰ ਦਿੰਦੇ ਤੇ ਉਹਨਾਂ ਨੂੰ ਜਹਾਜ਼ ਤੱਕ ਪਹੁੰਚਣ ਤੋਂ ਪਹਿਲਾਂ ਖਦੇੜ ਦਿੰਦੇ ਸਨ ਤੇ ਨਾ ਖਹਿੜਾ ਛੱਡਣ ਵਾਲਿਆਂ ਨੂੰ ਮਾਰ ਮੁਕਾਉਂਦੇ ਸੀ। ਇਸ ਤਰਾਂ ਸੰਨ 2017 ਤੋਂ 2023 ਤੱਕ ਸਮੁੰਦਰੀ ਲੁਟੇਰੇ ਕਿਸੇ ਵੀ ਕਾਰਵਾਈ ਦੇ ਵਿਚ ਸਫਲ ਨਹੀਂ ਹੋਏ ਤੇ ਉਹਨਾਂ ਦੇ ਮਨਸੂਬੇ ਫੇਲ ਹੋ ਗਏ। ਉਹਨਾਂ ਦੀਆਂ ਕਾਰਵਾਈਆਂ ਖਤਮ ਹੋ ਗਈਆਂ ਸਨ। ਸੰਨ 2023 ਵਿਚ ਜਦੋਂ ਹਮਾਸ ਇਜ਼ਰਾਇਲ ਜੰਗ ਸ਼ੁਰੂ ਹੋਈ ਤਾਂ ਸਮੁੰਦਰੀ ਲੁਟੇਰੇ ਫਿਰ ਸਰਗਰਮ ਹੋ ਗਏ। ਬੀਤੇ ਸਮੇਂ 35 ਸਮੁੰਦਰੀ ਲੁਟੇਰਿਆਂ ਨੇ ਐਮ.ਵੀ. ਰੋਆਨ ਜਹਾਜ਼ ਤੇ ਕਬਜ਼ਾ ਕਰ ਲਿਆ ਸੀ ਤੇ ਇਹ ਭਾਰਤ ਦੇ ਸਮੁੰਦਰੀ ਕਿਨਾਰੇ ਤੋਂ 2600 ਕਿਲੋਮੀਟਰ ਦੂਰ ਸੀ ਜਦੋਂ ਭਾਰਤੀ ਜਲ ਸੈਨਾ ਦਾ ਇੱਕ ਹੈਲੀਕਾਪਟਰ ਇਸ ਜਹਾਜ ਨੂੰ ਬਚਾਉਣ ਲਈ ਜਹਾਜ ਦੇ ਨੇੜੇ ਗਿਆ ਤੇ ਭਾਰਤੀ ਸੈਨਾ ਨੇ ਸਮੁੰਦਰੀ ਲੁਟੇਰਿਆਂ ਨੂੰ ਜਹਾਜ਼ ਦੇ ਮੁਲਾਜ਼ਮਾਂ ਨੂੰ ਰਿਹਾ ਕਰਨ ਨੂੰ ਕਿਹਾ ਤਾਂ ਉਹਨਾਂ ਨੇ ਇਹ ਹੁਕਮ ਨਾ ਮੰਨ ਕੇ ਉਲਟਾ ਹੈਲੀਕਾਪਟਰ ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਬਾਅਦ ਵਿਚ ਭਾਰਤੀ ਜਲ ਸੈਨਾ ਨੇ 40 ਘੰਟਿਆਂ ਵਿਚ ਸਮੁੱਚੀ ਕਾਰਵਾਈ ਕਰਕੇ ਸੋਮਾਲੀਆ ਦੇ ਸਮੁੰਦਰੀ ਡਾਕੂਆਂ ਨੂੰ ਕਾਬੂ ਕਰ ਲਿਆ ਤੇ ਜਹਾਜ਼ ਦੇ 17 ਕਰੂਜ਼ ਮੈਂਬਰਾਂ ਨੂੰ ਸੁਰੱਖਿਅਤ ਬਚਾ ਲਿਆ।

**ਪ੍ਰਿੰਸੀਪਲ ਜਸਪਾਲ ਸਿੰਘ ਲੋਹਾਮ**
**ਪਤਾ: ਮਕਾਨ ਨੰਬਰ; 166, ਗਲੀ ਹਜ਼ਾਰਾ ਸਿੰਘ ਮੋਗਾ-142002**
**ਮੋਬਾਇਲ ਵਟਸਐਪ: +91-97-810-40140**



# ਆਜ਼ਾਦ ਦੇਸ਼ ਦਾ ਗੁਲਾਮ ਸਿਸਟਮ

ਜਦ ਵੀ ਕਿਸੇ ਵਿਅਕਤੀ ਨੂੰ ਸਖਤ ਮਿਹਨਤ ਅਤੇ ਕਾਬਲੀਅਤ ਨਾਲ ਸਰਕਾਰੀ ਨੌਕਰੀ ਮਿਲ ਜਾਂਦੀ ਹੈ ਤਾਂ ਉਹ ਵਿਅਕਤੀ ਤਹਿ ਦਿਲੋਂ ਇਹ ਸੋਚਦਾ ਹੈ ਕਿ ਮੈਂ ਆਪਣੀ ਡਿਊਟੀ ਇਮਾਨਦਾਰੀ ਨਾਲ ਕਰੂੰਗਾ। ਪਰ ਜਿਹੜੇ ਵਿਅਕਤੀ ਸਰਕਾਰੀ ਮਹਿਕਮੇ ਚ ਭਰਤੀ ਹੀ ਮੋਟੀ ਰਿਸ਼ਵਤ ਦੇਕੇ ਹੋਏ ਹੋਣ, ਮੇਰੀ ਕਹਾਣੀ ਉਹਨਾਂ ਨਾਲ ਸਬੰਧਤ ਨਹੀਂ ਹੈ। ਇੱਕ ਮਿਹਨਤੀ ਬੰਦਾ ਜਦ ਸਰਕਾਰੀ ਮੁਲਾਜ਼ਮ ਬਣਦਾ ਹੈ ਤਾਂ ਉਹ ਇਹੋ ਸੋਚਦਾ ਹੈ ਕਿ ਮੈਂ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਂਉਗਾ। ਪਰ ਉਸ ਦੇ ਸੀਨੀਅਰ ਅਧਿਕਾਰੀ ਉਸ ਨੂੰ ਇਮਾਨਦਾਰੀ ਨਾਲ ਕੰਮ ਹੀ ਨਹੀਂ ਕਰਨ ਦਿੰਦੇ। ਇਮਾਨਦਾਰ ਮੁਲਾਜ਼ਮ ਨੂੰ ਬਾਰ ਬਾਰ ਮੋਟੀਆਂ ਵਗਾਰਾਂ ਪਾਈ ਜਾਂਦੇ ਹਨ। ਜਦ ਇਮਾਨਦਾਰ ਮੁਲਾਜ਼ਮ ਇਹਨਾਂ ਵਗਾਰਾਂ ਦਾ ਮੁੱਲ ਵੀ ਆਪਣੀ ਤਨਖਾਹ ਵਿੱਚੋਂ ਦੇਣ ਲੱਗ ਪੈਂਦਾ ਹੈ ਤਾਂ ਉਸ ਦੇ ਘਰ ਦਾ




ਗੁਜ਼ਾਰਾ ਚੱਲਣਾ ਮੁਸ਼ਕਿਲ ਹੋ ਜਾਂਦਾ ਹੈ। ਫਿਰ ਉਹੀ ਇਮਾਨਦਾਰ ਮੁਲਾਜ਼ਮ ਭ੍ਰਿਸ਼ਟ ਅਧਿਕਾਰੀਆਂ ਦੀਆਂ ਲੋੜਾਂ ਪੂਰੀਆਂ ਕਰਨ ਖਾਤਰ ਖੁਦ ਵੀ ਭ੍ਰਿਸ਼ਟ ਹੋ ਜਾਂਦਾ ਹੈ ਅਤੇ ਉਹ ਇਮਾਨਦਾਰੀ ਦਾ ਰਾਹ ਛੱਡਕੇ ਕੁਰੱਪਸ਼ਨ ਕਰਨ ਲੱਗ ਪੈਂਦਾ ਹੈ ਤਾਂ ਕਿ ਉਹ ਆਪਣੇ ਉੱਚ ਅਧਿਕਾਰੀਆਂ ਦੀਆਂ ਡਿਮਾਡਾਂ ਪੂਰੀਆਂ ਕਰ ਸਕੇ। ਇਸ ਤਰ੍ਹਾਂ ਇਹ ਸਾਡਾ ਸਰਕਾਰੀ ਸਿਸਟਮ ਇੱਕ ਇਮਾਨਦਾਰ ਬੰਦੇ ਨੂੰ ਵੀ ਬੇਈਮਾਨ ਬਣਾ ਦਿੰਦਾ ਹੈ। ਮੈਂ ਵੀ ਇੱਕ ਸਰਕਾਰੀ ਮਹਿਕਮੇ ਵਿੱਚ ਅਜੇਹੇ ਸਿਸਟਮ ਦਾ ਸ਼ਿਕਾਰ ਹੋਇਆ ਹਾਂ। ਹੁਣ ਲੋੜ ਹੈ ਅਜੇਹੇ ਸਿਸਟਮ ਨੂੰ ਬਦਲਣ ਦੀ ਜਾਂ ਅਜੇਹੇ ਸਿਸਟਮ ਨੂੰ ਰੂਸ ਜਾਂ ਫਰਾਂਸ ਦੀ ਕ੍ਰਾਂਤੀ ਵਾਂਗ ਤਬਾਹ ਕਰਨ ਦੀ। ਤਾਂਹੀ ਸਾਡੀਆਂ ਆਉਂਣ ਵਾਲੀਆਂ ਔਲਾਦਾਂ ਜਾਂ ਨਸਲਾਂ ਇਸ ਦੇਸ਼ ਵਿੱਚ ਆਜ਼ਾਦੀ ਅਤੇ ਸ਼ਾਂਤੀ ਨਾਲ ਰਹਿ ਸਕਣਗੀਆਂ।




**Harish kumar**

# ਆਵਾਜ਼ ਅਦਬੀ ਫੋਰਮ ਪਾਕਿਸਤਾਨ' ਫੂਲ ਨਗਰ ਕਸੂਰ ਵੱਲੋਂ 'ਮੰਜ਼ਰ ਦੇ ਪਿੱਛੇ' ਸ਼ਿਅਰੀ ਕਿਤਾਬ ਤੇ ਵਿਚਾਰ ਚਰਚਾ ਅਤੇ ਮੁਸ਼ਾਇਰਾ ਕਰਾਇਆ ਗਿਆ












**ਫੂਲ ਨਗਰ(ਲਹਿੰਦਾ ਪੰਜਾਬ)**
**ਅਮਰਜੀਤ ਸਿੰਘ ਜੀਤ–**
ਪਿਛਲੇ ਦਿਨੀਂ 'ਆਵਾਜ਼ ਅਦਬੀ ਫ਼ੋਰਮ ਪਾਕਿਸਤਾਨ' ਫੂਲ ਨਗਰ ਵੱਲੋਂ ਚਿਰਾਗ ਹਾਊਸ ਫੂਲ ਨਗਰ ਵਿਖੇ ਇਕ ਸ਼ਾਨਦਾਰ ਮੁਸ਼ਾਇਰਾ ਕਰਾਇਆ ਗਿਆ । ਜ਼ੇਰ-ਏ-ਅਹਿਤਮਾਮ ਚੇਅਰਮੈਨ 'ਆਵਾਜ਼ ਅਦਬੀ ਫ਼ੋਰਮ' ਨਜ਼ੀਰ ਨਜ਼ਰ ਨੇ ਉਸਤਾਦ ਸ਼ਾਇਰ ਹਰਫ਼ਾਂ ਦੇ ਸੁਨਿਆਰੇ ਇਸ਼ਤੇਆਕ ਹੁਸੈਨ ਅਸਰ ਦੇ ਸ਼ਿਅਰੀ ਮਜਮੂਆ 'ਮੰਜ਼ਰ ਦੇ ਪਿੱਛੇ' ਤੇ ਗੱਲ ਕਰਦਿਆਂ ਗਰਮਜੋਸ਼ੀ ਨਾਲ ਸਵਾਗਤ ਕੀਤਾ। ਮੁਸ਼ਾਇਰਾ ਗਾਹ ਦੀ ਇਕ ਨੁਕਰ ਤੇ ਕਿਤਾਬਾਂ ਦਾ ਸਟਾਲ ਲਾਇਆ ਗਿਆ ਜਿੱਥੇ ਆਉਣ ਵਾਲੇ ਸ਼ਿਰਕਾ-ਏ-ਸਾਹਿਬ ਕਿਤਾਬ ਕੋਲੋਂ ਆਟੋਗ੍ਰਾਫ਼ ਲੈਂਦੇ ਰਹੇ ਤੇ ਮਹਾਨ ਸ਼ਾਇਰ ਇਸ਼ਤੇਆਕ ਹੁਸੈਨ ਅਸਰ ਹੋਰਾਂ ਨਾ਼ਲ ਤਸਵੀਰਾਂ ਬਣਾਉਂਦੇ ਰਹੇ ਪ੍ਰੋਗਰਾਮ ਚ ਪੰਜਾਬ ਭਰ ਤੋਂ ਸ਼ਾਇਰਾਂ ਦਾਨਿਸ਼ਵਰਾਂ ਪੱਤਰਕਾਰਾਂ ਗੁਲੂਕਾਰਾਂ ਕੱਵਾਲਾਂ ਸੱਜਣਾਂ ਮਿੱਤਰਾਂ ਤੇ ਚਾਹੀਵਾਨਾਂ ਨੇ ਭਰਪੂਰ ਸ਼ਿਰਕਤ ਕੀਤੀ ਸਭ ਨੇ ਆਪਣੇ ਆਪਣੇ ਤਰੀਕੇ ਨਾ਼ਲ ਇਸ਼ਤੇਆਕ ਹੁਸੈਨ ਅਸਰ ਹੁਰਾਂ ਨੂੰ ਖ਼ਿਰਾਜ-ਏ-ਤਹਸੀਨ ਪੇਸ਼ ਕੀਤਾ ਇਸ਼ਤੇਆਕ ਹੁਸੈਨ ਅਸਰ ਆਪਣੇ-ਆਪ ਚ ਇਕ ਅਹਿਦ ਦਾ ਨਾਂ ਏ ਜਿਨ੍ਹਾਂ ਹਮੇਸ਼ਾ ਅਦਬ ਦੀ ਸੇਵਾ ਇਬਾਦਤ ਸਮਝ ਕੇ ਕੀਤੀ ।ਉਨ੍ਹਾਂ ਦਾ ਇਹ ਸਫ਼ਰ ਅੱਜ ਵੀ ਸਾਬਤ ਕਦਮੀਂ ਜਾਰੀ ਏ ।ਬਹੁਤ ਸਾਰੇ ਸ਼ਾਇਰ ਉਨ੍ਹਾਂ ਕੋਲੋਂ ਸਿਖ ਕੇ ਉਸਤਾਦ ਬਣ ਗਏ ਪਰ ਉਹ ਅਜ ਵੀ ਆਪਣੇ ਆਪ ਨੂੰ ਉਸਤਾਦ ਅਖਵਾਣਾ ਪਸੰਦ ਨਹੀਂ ਕਰਦੇ ਬਲਕਿ ਅਦਬ ਦੀ ਸੇਵਾ ਕਰ ਕੇ ਖ਼ੁਸ਼ ਹੁੰਦੇ ਨੇਂ। ਉਹ ਬਹੁਤ ਅੱਛੇ ਉਸਤਾਦ ਹੋਣ ਦੇ ਨਾ਼ਲ ਨਾ਼ਲ ਬਹੁਤ ਅੱਛੇ ਸ਼ਾਇਰ ,ਗੁਲੂਕਾਰ , ਕੰਪਾਈਰ , ਕਲਾ ਨਵਾਜ਼ , ਇਨਸਾਨ ਤੇ ਮੁਹੱਬਤਾਂ ਚ ਗੁੰਨ੍ਹੇ ਹੋਏ ਜੀ ਨੇਂ ।ਪੂਰੇ ਪ੍ਰੋਗਰਾਮ ਦੀ " ਕਦਰਦਾਨ ਡਿਜੀਟਲ " ਨੇ ਲਾਈਵ ਕਵਰੇਜ ਕੀਤੀ ਜਿਹੜੀ ਬੜੀ ਛੇਤੀ ਉਨ੍ਹਾਂ ਦੇ ਚੈਨਲ ਤੇ ਮੁਖ਼ਤਲਿਫ਼ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਤੇ ਵੇਖਣ ਨੂੰ ਮਿਲੇਗੀ ਏਸ ਪ੍ਰੋਗਰਾਮ ਦੀ ਸਦਾਰਤ ਜੱਗ ਧੁੰਮੀ ਨਜ਼ਮ "ਨਸ਼ਾ ਨਸ਼ਈ " ਦੇ ਖ਼ਾਲਿਕ ਪੀਰ ਫ਼ਕੀਰ ਵੀਰ ਸਿਪਾਹੀ ਦੇ ਸ਼ਾਗਿਰਦ ਡਾਕਟਰ ਅਬਦ ਅਲਗ਼ਫ਼ਾਰ ਰੰਧਾਵਾ ਹੋਰਾਂ ਕੀਤੀ ।ਨਜ਼ਾਮਤ ਦੇ ਫ਼ਰਾਇਜ਼ ਬਾਬਾ ਜੀ ਅਸ਼ਰਫ਼ ਖ਼ਾਨ ਸ਼ਾ ਜ਼ੀ ਸਦਰ ਪਰ੍ਹੀਆ ਬੁਲ੍ਹੇ ਸ਼ਾਹ , ਨਜ਼ੀਰ ਨਜ਼ਰ ਚੇਅਰਮੈਨ ਆਵਾਜ਼ ਅਦਬੀ ਫ਼ੋਰਮ ਪਾਕਿਸਤਾਨ ਤੇ ਮਜ਼ੱਮਿਲ ਜ਼ਾਇਰ ਜਨਰਲ ਸੈਕਟਰੀ ਬਜ਼ਮ ਇਸ਼ਤੇਆਕ ਅਸਰ ਪਾਕਿਸਤਾਨ ਨੇ ਢੇਰ ਸੋਹਣੇ ਢੰਗ ਨਾ਼ਲ ਨਿਭਾਏ । ਪ੍ਰੋਗਰਾਮ ਦਾ ਆ਼ਗਾਜ਼ ਅੱਲ੍ਹਾ ਪਾਕ ਦੇ ਬਾ ਬਰਕਤ ਨਾਮ ਤੋਂ ਸ਼ੁਰੂ ਹੋਇਆ ਤਲਾਵਤ ਕਲਾਮ ਪਾਕ ਦੀ ਸਆਦਤ ਮਨਜ਼ੂਰ ਸ਼ਾਹਿਦ ਅਰਵਾੜਾ ਸਦਰ ਆਵਾਜ਼ ਅਦਬੀ ਫ਼ੋਰਮ ਪਾਕਿ-ਸਤਾਨ ਨੇ ਹਾਸਲ ਕੀਤੀ ਨਾਅਤ ਰਸੂਲ ਮਕਬੂਲ ਸੱਲੀ ਅੱਲ੍ਹਾ ਅਲੀਆ ਵਾਲਾ ਵਸੱਲਮ ਦੀ ਦਾ ਸ਼ਰਫ਼ ਪੱਤੋ ਕੀ ਤੂੰ ਤਸ਼ਰੀਫ਼ ਲਿਆਏ ਖ਼ੂਬਸੂਰਤ ਆਵਾਜ਼ ਦੇ ਮਾਲਿਕ ਮੁਹੰਮਦ ਬੂਟਾ ਤੇ ਮਾਅਰੂਫ਼ ਕਵਾਲ ਜ਼ੀਨ ਰਾਹਤ ਅਲੀ ਖ਼ਾਂ ਦੇ ਸਾਹਿਬ ਜ਼ਾਦੇ ਕੁਮੇਲ ਜ਼ੀਨ ਰਾਏ ਵਿੰਡ ਹੋਰਾਂ ਹਾਸਲ ਕੀਤਾ ਏਸ ਖ਼ੂਬਸੂਰਤ ਤਕਰੀਬ ਪਜ਼ੀਰਾਈਆ ਚ ਖ਼ਸੂਸੀ ਸ਼ਿਰਕਤ ਵਹੀਦ ਰਜ਼ਾ ਤੇ ਬਾਬਾ ਜੀ ਨਜ਼ੀਰ ਜ਼ਾਹਿਦ ਹੋਰਾਂ ਦੇ ਸਾਹਿਬ ਜ਼ਾਦੇ ਜਾਵੇਦ ਸਾਹਿਰ ਹੋਰਾਂ ਕੰਗਣ ਪੁਰ ਤੋਂ ਕੀਤੀ। ਤਕਰੀਬ ਚ ਆਇਆ ਹੋਇਆ ਹਰ ਮਹਿਮਾਨ ਮਹਿਮਾਨ ਖ਼ਸੂਸੀ ਤੇ ਮਹਿਮਾਨ ਇਜ਼ਾਜ਼ ਸੀ ਜਿਨ੍ਹਾਂ ਸ਼ਾਇਰਾਂ ਏਸ ਪ੍ਰੋਗਰਾਮ ਨੂੰ ਚਾਰ ਚੰਨ ਲਾਏ ਉਨ੍ਹਾਂ ਚ ਸ਼ਾਮਿਲ ਸਨ ਮਹਿਮੂਦ ਅਖ਼ਤਰ ਚਿਸ਼ਤੀਆਂ, ਨਸਰ ਖ਼ਿਆਲੀ ਠੀਂਗ ਮੋੜ, ਇਜ਼ਾਜ਼ ਐਨ ਠੀਂਗ ਮੋੜ , ਸ਼ਹਿਬਾਜ਼ ਕਾਵਿਸ਼ ਹੜੱਪਾ , ਰਿਜ਼ਵਾਨ ਰਿਜ਼ਵੀ ਲਾਹੌਰ , ਯਾਸੀਨ ਭੱਟੀ ਕੰਗਣਪੁਰ , ਵਜ਼ੀਰ ਅਲੀ ਰਾਜਾ ਕੰਗਣਪੁਰ , ਅਸਲਮ ਸ਼ਾਦ ਕੰਗਣਪੁਰ।ਮੁਹੰਮਦ ਇਮਰਾਨ ਖ਼ਾਨ ਝੰਗ , ਸਦੀਕ ਜੌਹਰ ਲਾਹੌਰ , ਸ਼ਹਿਬਾਜ਼ ਸ਼ਰੀਫ਼ ਹਾਂਸ ਬਹਾਵਲ ਨਗਰ , ਅਸਲਮ ਸ਼ਾਦ ਕੰਗਣ ਪੁਰ , ਫ਼ੈਸਲ ਅਨਮੋਲ ਕੰਙਣ ਪੁਰ , ਮੁਹੱਬਤ ਅਲੀ ਖੁੱਡੀਆਂ ਕਸੂਰ , ਨਦੀਮ ਨਿਕਾਸ ਡੀਜਟਲ ਚੈਨਲ ਕਦਰਦਾਨ ਕਸੂਰ , ਸਲੀਮ ਆਫ਼ਤਾਬ ਸਲੀਮ ਕਸੂਰ , ਆਜ਼ਿਜ਼ ਇਕਬਾਲ ਔਕਾੜਾ , ਸ਼ਰੀਫ਼ ਅਰਸ਼ਦ ਛਾਂਗਾ ਮਾਂਗਾ ।ਸਫ਼ਦਰ ਹੁਸੈਨ ਪੱਪੂ ਬਾਦਸ਼ਾਹ ਸ਼ੱਕਰਗੜ੍ਹ , ਇਮਰਾਨ ਸਾਹਿਲ ਬਚੀਕੀ ਨਨਕਾਣਾ ਸਾਹਿਬ , ਹਸਨੈਨ ਅਖ਼ਤਰ ਸਰਗੋਧਾ , ਆਸਿਫ਼ ਤਬੱਸੁਮ ਦੀਪਾਲਪੁਰ , ਗ਼ੁਲਾਮ ਅੱਬਾਸ ਕਵਾਲ ਫੂਲ ਨਗਰ , ਕੁਮੇਲ ਜ਼ੀਨ ਰਾਏ ਵਿੰਡ , ਜ਼ੀਨ ਰਾਹਤ ਅਲੀ ਖ਼ਾਨ ਰਾਏ ਵਿੰਡ , ਨਵਾਜ਼ ਸਾਜਿਦ ਨਵਾਜ਼ ਫ਼ੈਸਲਾਬਾਦ , ਖ਼ਿਆਮ ਦਿਵਾਨ ਫ਼ੈਸਲਾਬਾਦ , ਅਸ਼ਰਫ਼ ਖ਼ਾਂ ਸ਼ਾ ਜ਼ੀ ਕਸੂਰ , ਅੱਲ੍ਹਾ ਵਸਾਇਆ ਚਭੀਲ ਨੁਮਾਇੰਦਾ ਰੰਗ ਟੀ ਵੀ ਲਾਹੌਰ , ਮੁਹੰਮਦ ਇਰਸ਼ਾਦ ਨਵ਼ਲ ਮਾਂਗਾ ਮੰਡੀ , ਨਬੀਲ ਨਾਬਰ ਕੰਗਣ ਪੁਰ, ਤਲਅਤ ਰਿਜ਼ਵੀ ਕੰਗਣ ਪਰ , ਗ਼ੁਲਾਮ ਯਾਸੀਨ ਕਾਮੋਨੰਗਲ , ਇਮਰ-ਾਨ ਖ਼ਾਨ , ਮਲੱਕ ਇਰਸ਼ਾਦ ਕੋਟ ਰਾਧਾ ਕਿਸ਼ਨ , ਅਮਜਦ ਪਰਵੇਜ਼ ਕੰਗਣ ਪਰ , ਵਿਕਾਸ ਸਾਹਿਲ ਐਡੀਟਰ ਰੋਜ਼ਨਾਮਾ ਅਦੀਬ ਕੋਟ ਰਾਧਾ ਕਿਸ਼ਨ , ਯਾਸੀਨ ਯਾਸ ਫੂਲ ਨਗਰ , ਮਜ਼ੱਮਿਲ ਜ਼ਾਇਰ ਨਕਵੀ ਫੂਲ ਨਗਰ , ਸੱਯਦ ਇਮਰਾਨ ਲਾਜ ਨਕਵੀ ਭਲਵਾਲ , ਸੱਯਦ ਮਨਜ਼ਮ ਹੁਸੈਨ ਸ਼ਾਹ ਫੂਲ ਨਗਰ , ਨਜ਼ੀਰ ਅਹਿਮਦ ਨਜ਼ਰ , ਮਨਜ਼ੂਰ ਸ਼ਾਹਿਦ ਅਰਵਾੜਾ ਕਸੂਰ , ਆਮਿਰ ਸਦੀਕੀ ਫੂਲ ਨਗਰ , ਅਬਦੁਲ-ਗ਼ਫ਼ੂਰ ਕਸੂਰੀ ਕਸੂਰ, ਸਲੀਮ ਮਾਹੀ ਖਾ ਨਿੱਕੇ ਮੋੜ , ਇਸ਼ਫ਼ਾਕ ਫ਼ਖ਼ਰ ਬਿੱਲੂ ਕੀ ,
ਨਾਮਾਨ ਅਲੀ ਫੂਲ ਨਗਰ , ਅਬਦੁੱਲਾ ਨਜ਼ੀਰ ਫੂਲ ਨਗਰ , ਅਜ਼ੀਮ ਸਹੋਤਰਾ , ਮੁਸ਼ਤਾਕ ਸੁਣਾ ਫੂਲ ਨਗਰ ਸ਼ਾਮਿਲ ਸਨ ਖ਼ੂਬਸੂਰਤ ਪ੍ਰੋਗਰਾਮ ਪੰਜੀ ਅਕਤੂਬਰ ਦੀ ਸ਼ਾਮ ਤੋਂ ਸ਼ੁਰੂ ਹੋ ਕੇ ਛੱਬੀ ਅਕਤੂਬਰ ਦੀ ਸਵੇਰ ਤੱਕ ਜਾਰੀ ਰਿਹਾ ਪ੍ਰੋਗਰਾਮ ਦੇ ਅਖ਼ੀਰ ਚ ਮੁਲਕੀ ਸਲਾਮਤੀ ਲਈ ਦੁਆ ਕਰਵਾਈ ਗਈ ਏਸ ਖ਼ੂਬਸੂਰਤ ਪ੍ਰੋਗਰਾਮ ਦਾ ਸਿਹਰਾ ਆਵਾਜ਼ ਅਦਬੀ ਫ਼ੋਰਮ ਪਾਕਿਸਤਾਨ ਫੂਲ ਨਗਰ ਦੇ ਚੇਅਰਮੈਨ ਨਜ਼ੀਰ ਨਜ਼ਰ ਤੇ ਉਹਦੇ ਬਾਂਹ ਬੇਲੀਆਂ ਦੇ ਸਿਰ ਏ ।ਮੈਂ ਨਜ਼ੀਰ ਹੋਰਾਂ ਨੂੰ ਏਸ ਖ਼ੂਬਸੂਰਤ ਤੇ ਕਾਮਯਾਬ ਪ੍ਰੋਗਰਾਮ ਤੇ ਮੁਬ-ਾਰਕਬਾਦ ਪੇਸ਼ ਕਰਨਾ ਵਾਂ ।

# ਅਸੋਕਾ ਬੁੱਧ ਵਿਹਾਰ ਨਕੋਦਰ ਵਿਖੇ ਬੱਚਿਆਂ ਦਾ ਧੰਮ ਅਤੇ ਸੈਲਫ ਡਿਫੈਂਸ ਅਭਿਆਸ ਕਰਵਾਇਆ ਗਿਆ





**ਨਕੋਦਰ–** ਮਿਤੀ 27-10-25 ਨੂੰ ਰੋਜ ਦੀ ਤਰ੍ਹਾਂ ਬੱਚਿਆਂ ਨੇ ਪੂਜਨੀਯ ਭੰਤੇ ਜੀ ਤੋਂ ਬੁੱਧ ਧੰਮ ਅਤੇ ਸੰਘ ਦੀ ਸਰਣ ਲਈ ਅਤੇ ਪੰਜਸੀਲ ਲਏ॥ ਬੱਚਿਆ ਨੇ ਧਿਆਨ ਸਾਧਨਾ ਦਾ ਵੀ ਅਭਿਆਸ ਕੀਤਾ ਅਤੇ ਬਾਅਦ ਵਿੱਚ ਰਾਜ ਕੁਮਾਰ ਬੋਧ ਵਲੋ ਕਰਾਟੇ ਟਰੇਨਿੰਗ ਵੀ ਲਈ ਜੋ ਕਿ ਸੈਲਫ ਡਿਫੈਂਸ ਲਈ ਤਕਨੀਕ ਸਿਖਾਈ ਜਾਂਦੀ ਹੈ॥ ਭੰਤੇ ਜੀ ਬੱਚਿਆ ਨੂੰ ਹਰ ਰੋਜ ਧੰਮ ਅਭਿਆਸ ਕਰਵਾਉਂਦੇ ਹਨ ਅਤੇ ਚੰਗੇ ਕਰਮ ਕਿਵੇਂ ਕੀਤੇ ਜਾ ਸਕਦੇ ਹਨ ਅਤੇ ਮਨ ਨੂੰ ਕਿਵੇਂ ਕੰਟਰੋਲ ਕਰ ਸਕਦੇ ਹਾਂ , ਇਹ ਸਾਰੀ ਸਿਖਿਆ ਬੱਚਿਆਂ ਨੂੰ ਅਸੋਕਾ ਬੁੱਧ ਵਿਹਾਰ ਵਿਖੇ ਦਿੱਤੀ ਜਾ ਰਹੀ ਹੈ। ਕੱਲ ਮਿਤੀ 26-10-25 ਨੂੰ ਪੋਆਦੜਾ ਪਿੰਡ ਤੋਂ ਬੱਚੇ ਆਏ ਸਨ ਅਤੇ ਉਹਨਾਂ ਵੀ ਧੰਮ ਦਾ ਅਭਿਆਸ ਕੀਤਾ।

for more news visit:
www.samajweekly.com

# ਸਿੱਖ ਇਤਿਹਾਸ ਦੇ ਮਹਾਨ ਸ਼ਹੀਦ ਭਾਈ ਮਤੀ ਦਾਸ

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥

ਭਾਈ ਮਤੀ ਦਾਸ ਜੀ ਦਾ ਜਨਮ ਪਿਤਾ ਭਾਈ ਨੰਦ ਲਾਲ ਜੀ ਦੇ ਘਰ ੧੬੪੧ ਈ. ਨੂੰ ਪਿੰਡ ਕਿਰਆਲਾ (ਕਿੜਆਲਾ) ਜੇਹਲਮ ਲਹਿੰਦੇ ਪੰਜਾਬ ਅੰਦਰ ਹੋਇਆ ਸੀ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਭਾਈ ਪਰਾਗਾ ਜੀ ਪਿੰਡ ਕੜਿਆਲ ਦੇ ਛਿੱਬੜ ਬ੍ਰਾਹਮਣ ਸਨ ਅਤੇ ਆਪ ਜੀ ਦੇ ਪਿਤਾ ਦਾ ਨਾਂ ਮਹਾਤਮਾ ਗੌਤਮ ਸੀ। ਭਾਈ ਪਰਾਗਾ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੱਖ ਧਰਮ ਆਪਣਾ ਲਿਆ ਸੀ। ਭਾਈ ਪਰਾਗਾ ਜੀ ਦੇ ਚਾਰ ਸਪੁੱਤਰ ਸਨ ਜਿਨ੍ਹਾਂ ਦਾ ਨਾਮ ਭਾਈ ਮਤੀ ਦਾਸ ,ਭਾਈ ਸਤੀ ਦਾਸ ,ਭਾਈ ਜਤੀ ਦਾਸ ਤੇ ਭਾਈ ਸਖੀ ਦਾਸ ਸੀ। ਭਾਈ ਮਤੀ ਦਾਸ ਭਾਈ ਪਰਾਗੇ ਦੇ ਜੇਠੇ ਸਪੁੱਤਰ ਸੀ।

ਇਤਿਹਾਸਿਕ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਭਾਈ ਮਤੀ ਦਾਸ ਜੀ ਦੇ ਦਾਦਾ ਗੌਤਮ ਦਾਸ ਜੀ ਇਲਾਕੇ ਵਿੱਚ ਰਸੂਖਦਾਰ ਵਿਅਕਤੀ ਸਨ। ਇਲਾਕੇ ਦੀਆਂ ਸੰਗਤਾਂ ਗੌਤਮ ਦਾਸ ਜੀ ਪਾਸ ਆਪਣੀਆਂ ਨਿੱਕੀਆਂ ਵੱਡੀਆਂ ਸਮੱਸਿਆਵਾਂ ਦੇ ਹੱਲ ਲਈ ਅਕਸਰ ਆਇਆ ਜਾਇਆ ਕਰਨੀਆਂ ਸਨ। ਗੌਤਮ ਦਾਸ ਜੀ ਦਾ ਮੇਲ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਨਾਲ ਹੋਇਆ । ਸਤਿਗੁਰੂ ਸ੍ਰੀ ਅਰਜਨ ਦੇਵ ਜੀ ਮਹਾਰਾਜ ਤੋਂ ਗੌਤਮ ਦਾਸ ਜੀ ਬਹੁਤ ਪ੍ਰਭਾਵਿਤ ਹੋਏ ਤੇ ਆਪ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ।

ਸੰਨ 1978 ਵਿੱਚ ਗਿਆਨੀ ਮੋਤਾ ਸਿੰਘ ਜੀ ਦਿੱਲੀ ਨੇ ਹਰਿਦੁਆਰ ਦੇ ਪਾਂਡਿਆਂ ਦੀਆਂ ਵਹੀਆਂ ਤੋਂ ਭਾਈ ਮਤੀਦਾਸ ਤੇ ਭਾਈ ਸਤੀਦਾਸ ਬਾਰੇ ਸੰਪੂਰਨ ਜਾਣਕਾਰੀ ਹਾਸਿਲ ਕਰਕੇ ਮਿਤੀ 2 ਫਰਵਰੀ ਸੰਨ 1978 ਦੇ ਖਾਲਸਾ ਸਮਾਚਾਰ ਅੰਮ੍ਰਿਤਸਰ ਅਖ਼ਬਾਰ ਦੇ ਵਿੱਚ ਇੱਕ ਲੇਖ ਪ੍ਰਕਾਸ਼ਿਤ ਕੀਤਾ ਸੀ। ਇਸ ਲੇਖ ਨੂੰ ਬਤੌਰ ਇਤਿਹਾਸਿਕ ਦਸਤਾਵੇਜ ਖੰਗਾਲਦੇ ਹੋਏ ਇਹ ਜਾਣਕਾਰੀ ਮਿਲਦੀ ਹੈ ਕਿ ਪਾਂਡਿਆਂ ਦੀਆਂ ਵਹੀਆਂ ਵਿੱਚ ਭਾਈ ਮਤੀ ਦਾਸ ਦੇ ਦਸਤਖ਼ਤ ਗੁਰਮੁਖੀ ਵਿੱਚ ਸਨ ਅਤੇ ਪਰਿਵਾਰਿਕ ਜਾਣਕਾਰੀ ਅਨੁਸਾਰ ਇਸ ਪਰਿਵਾਰ ਦਾ ਮੁਖੀਆ ਭਾਈ ਪਰਾਗਾ ਸੀ। ਭਾਈ ਪਰਾਗਾ ਦੇ ਸਪੁੱਤਰ ਦਾ ਨਾਂ ਭਾਈ ਦਵਾਰਕਾ ਦਾਸ ਸੀ ਅਤੇ ਭਾਈ ਦਵਾਰਕਾ ਦਾਸ ਦੇ ਚਾਰ ਸਪੁੱਤਰ ਸਨ। ਇਹਨਾਂ ਚਾਰਾਂ ਵਿੱਚੋਂ ਇੱਕ ਪੁੱਤਰ ਦਾ ਨਾਂ ਭਾਈ ਕਬੂਲ ਦਾਸ ਸੀ ਅਤੇ ਕਬੂਲ ਦਾਸ ਤੇ ਤਿੰਨ ਪੁੱਤਰਾਂ ਦਾ ਨਾਂ ਭਾਈ ਮਤੀ ਦਾਸ ,ਭਾਈ ਸਤੀ ਦਾਸ ਅਤੇ ਭਾਈ ਜਤੀ ਦਾਸ ਜੀ।



ਭਾਈ ਗੌਤਮ ਦਾਸ ਦਾ ਪੁੱਤਰ ਭਾਈ ਪਰਾਗਾ ਭਰਵੇ ਜੁੱਸੇ ਦਾ ਮਾਲਕ ਸੀ ਅਤੇ ਧੰਨ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਫੌਜ ਦੇ ਇੱਕ ਦਸਤੇ ਦਾ ਮੁਖੀ ਸੀ। ਬਾਲ ਗੁਰੂ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਜੋਤੀ ਜੋਤ ਸਮਾ ਜਾਣ ਮਗਰੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਲਮੇਰੀ ਤਪੱਸਿਆ ਮਗਰੋਂ ਬਾਬੇ ਬਕਾਲੇ ਵਿਖੇ ਪ੍ਰਗਟ ਹੋਏ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਜੇ ਦਰਸ਼ਨਾਂ ਨੂੰ ਸੰਗਤਾਂ ਵਹੀਰਾਂ ਘੱਤ ਕੇ ਬਾਬਾ ਬਕਾਲਾ ਆਉਣ ਲੱਗ ਗਈਆਂ। ਇਨਾ ਸੰਗਤਾਂ ਵਿੱਚ ਭਾਈ ਮਤੀ ਦਾਸ ਜੀ ਵੀ ਹਾਜ਼ਰ ਹੋਏ ਅਤੇ ਆਪ ਜੀ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਮਾਨਸਿਕ ਅਤੇ ਆਤਮਿਕ ਸ਼ਾਂਤੀ ਮਿਲੀ।

ਕਸ਼ਮੀਰੀ ਪੰਡਤਾਂ ਦੀ ਪ੍ਰਤੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮੁਗਲ ਹਕੂਮਤ ਤੇ ਬਾਦਸ਼ਾਹ ਔਰੰਗਜ਼ੇਬ ਨੂੰ ਸੁਨੇਹਾ ਘੱਲਿਆ ਕੀ ਉਹ ਨੇਕ ਰਸਤੇ ਤੇ ਚੱਲੇ ਅਤੇ ਆਮ ਲੋਕਾਂ ਤੇ ਜੁਲਮ ਨਾ ਕਰੇ। ਔਰੰਗਜ਼ੇਬ ਨੇ ਲੋਹੇ ਲਾਖੇ ਹੁੰਦਿਆਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਪੰਜਾਂ ਸਿੰਘਾਂ ਦੇ ਨਾਲ ਗ੍ਰਿਫਤਾਰ ਕਰਵਾ ਲਿਆ ਸੀ। ਇਹਨਾਂ ਪੰਜਾਂ ਸਿੰਘਾਂ ਵਿੱਚ ਭਾਈ ਮਤੀ ਦਾਸ ਵੀ ਸ਼ਾਮਿਲ ਸਨ।

ਜਦੋਂ ਭਾਈ ਮਤੀ ਦਾਸ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਇੱਕ ਛੋਟੇ ਜਿਹੇ ਪਿੰਜਰੇ ਵਿੱਚ ਕੈਦ ਵੇਖਿਆ ਤਾਂ ਆਪ ਜੀ ਨੇ ਤੜਫ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਜੇ ਗੁਰੂ ਸਾਹਿਬ ਆਗਿਆ ਦੇਣ ਤਾਂ ਉਹ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਣਗੇ । ਇਸ ਦੇ ਉੱਤਰ ਵਜੋਂ ਗੁਰੂ ਸਾਹਿਬ ਨੇ ਭਾਈ ਮਤੀ ਦਾਸ ਜੀ ਨੂੰ ਤਾਕੀਦ ਕੀਤੀ ਕਿ ਜ਼ਬਰ ਦਾ ਮੁਕਾਬਲਾ ਸਬਰ ਨਾਲ ਕਰਨਾ ਹੈ। ਗੁਰੂ ਤੇਗ ਬਹਾਦਰ ਜੀ ਨੇ ਭਾਈ ਮਤੀ ਦਾਸ ਜੀ ਨੂੰ ਸਮਝਾਇਆ ਕਿ ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਉਹਨਾਂ ਨੂੰ ਆਪਣੀ ਕੁਰਬਾਨੀ ਦੇਣੀ ਪੈਣੀ ਹੈ। ਇਹ ਸੁਣ ਕੇ ਭਾਈ ਮਤੀ ਦਾਸ ਜੀ ਨੂੰ ਗਿਆਨ ਹੋ ਗਿਆ ਅਤੇ ਉਹਨਾਂ ਨੇ ਝੋਲੀ ਅੱਡ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਸੋਂ ਭਾਣਾ ਮੰਨਣ ਅਤੇ ਭਾਣੇ ਅਨੁਸਾਰ ਰਹਿਣ ਲਈ ਬਲ ਬਖਸ਼ਿਸ਼ ਕਰਨ ਵੀ ਬੇਨਤੀ ਕੀਤੀ।

ਅਬ ਇਹ ਇੱਛਾ ਸੀਖਹਮਾਰੀ॥
ਨਮੋ ਕਰਹੁਕਰਤਾਰ ਅਗਾਰੀ॥
ਮਤੀਦਾਸਸੁਨ ਕੈ ਇਮ ਕਰਨਨ॥
ਕਰੀ ਬੰਦਨਾ ਸਿਤਗੁਰ ਚਰਨਨ॥

ਬਾਦਸ਼ਾਹ ਔਰੰਗਜ਼ੇਬ ਨੇ ਜਬਰ ਜੁਲਮ ਦੀ ਇੰਤਿਹਾ ਕਰਦਿਆਂ ਭਾਈ ਮਤੀ ਦਾਸ ਜੀ ਦੀ ਸ਼ਹੀਦੀ ਦੇ ਫਤਵੇ ਨੂੰ ਪ੍ਰਵਾਨ ਕਰ ਦਿੱਤਾ। ਭਾਈ ਮਤੀ ਦਾਸ ਜੀ ਨੂੰ ਕੋਤਵਾਲੀ ਤੇ ਕੈਦਖਾਨੇ ਤੋਂ ਕੱਢ ਕੇ ਖੁੱਲੀ ਥਾਂ ਲਿਆ ਕੇ ਬਿਠਾ ਦਿੱਤਾ। ਕਾਜ਼ੀਆਂ ਅਤੇ ਮੌਲਵੀਆਂ ਨੇ ਭਾਈ ਮਤੀ ਦਾਸ ਜੀ ਨੂੰ ਬਹੁਤ ਡਰਾਵੇ ਅਤੇ ਲਾਲਚ ਦਿੱਤੇ ਪਰ ਭਾਈ ਮਤੀ ਦਾਸ ਜੀ ਨੂੰ ਆਪਣੇ ਧਰਮ ਅਤੇ ਕਰਮ ਤੋਂ ਨਾ ਮੁਨਕਰ ਕਰ ਸਕੇ। ਕਾਜ਼ੀ ਨੇ ਜ਼ਲਾਦ ਬੁਲਵਾ ਕੇ ਭਾਈ ਸਾਹਿਬ ਦੇ ਸਿਰ ਤੋਂ ਆਰਾ ਚਲਵਾ ਦਿੱਤਾ। ਜਦੋਂ ਜੱਲਾਦ ਨੇ ਆਰਾ ਫੇਰਨਾ ਸ਼ੁਰੂ ਕੀਤਾ ਤਾਂ ਭਾਈ ਸਾਹਿਬ ਦੇ ਸਿਰ ਤੋਂ ਲਹੂ ਦੀਆਂ ਤਤੀਰੀਆਂ ਫੁੱਟ ਪਈਆਂ ਪਰ ਭਾਈ ਸਾਹਿਬ ਨੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਜਾਰੀ ਰੱਖਿਆ ਅਤੇ ਅਡੋਲ ਰਹੇ ।

ਇੱਕ ਪਾਸੇ ਗੁਰੂ ਸਾਹਿਬ ਦੇ ਸਿੱਖਾਂ ਦਾ ਸਿਦਕ ਦੂਸਰੇ ਪਾਸੇ ਔਰੰਗਜ਼ੇਬ ਤੇ ਜ਼ਲਾਦਾਂ ਦਾ ਜਬਰ ਜੁਲਮ ਸੰਸਾਰ ਭਰ ਦੇ ਲੋਕਾਂ ਨੂੰ ਨੂੰ ਦੰਦਾਂ ਥੱਲੇ ਉਂਗਲੀਆਂ ਦਬਾਉਣ ਲਈ ਮਜਬੂਰ ਕਰ ਰਿਹਾ ਸੀ। ਇਤਿਹਾਸਿਕ ਖੋਜੀ ਦੱਸਦੇ ਹਨ ਕਿ ਜਦੋਂ ਜ਼ਲਾਦ ਨੇ ਭਾਈ ਸਾਹਿਬ ਦੇ ਤਨ ਦੇ ਦੋ ਟੁਕੜੇ ਕਰ ਦਿੱਤੇ ਤਾਂ ਉਸੇ ਹੀ ਵਕਤ ਭਾਈ ਸਾਹਿਬ ਨੇ ਸ੍ਰੀ ਜਪੁਜੀ ਸਾਹਿਬ ਦੇ ਪਾਠ ਦੀ ਸਮਾਪਤੀ ਕੀਤੀ ਸੀ।

ਮਤੀਦਾਸ ਕੋ ਕੀਂਨਬੁਲਾਵਿਨ॥
ਦੁਇ ਤਖਤੇ ਮਿਹਂ ਕਰਯੋ ਬੰ ਧਾਵਿਨ॥
ਹੁਕਮ ਜਲਾਦਿਨ ਤਬਿਹਉਚਾਰਾ॥
ਲੈ ਆਰਾ ਸਿਰ ਪਰ ਤਿਸ ਧਾਰਾ॥

ਔਰੰਗਜ਼ੇਬ ਨੇ ਇਹ ਕਾਰਾ ਜਾਣ ਬੁਝ ਕੇ ਖੁੱਲੇ ਸਥਾਨ ਤੇ ਕਰਵਾਇਆ ਸੀ ਤਾਂ ਜੋ ਲੋਕਾਂ ਦੇ ਮਨਾਂ ਵਿੱਚ ਦਹਿਸ਼ਤ ਪਾਈ ਜਾ ਸਕੇ। ਭਾਈ ਮਤੀ ਦਾਸ ਦੀ ਸ਼ਹਾਦਤ ਉਪਰੰਤ ਭਾਈ ਸਤੀਦਾਸ ਅਤੇ ਭਾਈ ਦਿਆਲਾ ਜੀ ਨੂੰ ਵੀ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਪਰੋਕਤ ਸਿੱਖਾਂ ਦੀ ਸ਼ਹਾਦਤ ਤੋਂ ਬਾਅਦ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਵੀ ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਸ਼ਹੀਦ ਕਰ ਦਿੱਤਾ ਗਿਆ। ਇਸ ਸਥਾਨ ਤੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ।

ਭੁੱਲ ਚੁੱਕ ਦੀ ਖਿਮਾ ।



**ਦਾਸ ਸੁਰਿੰਦਰ ਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ**

# ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਅਕਾਡਮੀ ਦੇ ਸਥਾਪਨਾ ਦਿਵਸ ਤੇ ਸਨਮਾਨ ਸਮਾਗਮ




**ਲੁਧਿਆਣਾ (ਬਲਬੀਰ ਸਿੰਘ)**
ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵਲੋਂ ਅਕਾਡਮੀ ਦੇ ਸਥਾਪਨਾ ਦਿਵਸ 24 ਅਕਤੂਬਰ ਨੂੰ ਯਾਦ ਕਰਦਿਆਂ ਸਨਮਾਨ ਸਮਾਗਮ ਕਰਵਾਇਆ ਗਿਆ। ਜਿਸਦੀ ਪ੍ਰਧਾਨਗੀ ਡਾ. ਸ.ਸ. ਜੌਹਲ ਜੀ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਸਮੇਤ ਕੈਬਨਿਟ ਮੰਤਰੀ ਹਰਦੀਪ ਸਿੰਘ ਮੰਡੀਆਂ ਦੇ ਪ੍ਰਤੀਨਿਧੀ ਵਜੋਂ ਸ. ਰਸ਼ਪਾਲ ਸਿੰਘ ਅਤੇ ਰਵੀ ਜੀ ਸ਼ਾਮਲ ਹੋਏ। ਡਾ. ਸਰਬਜੀਤ ਸਿੰਘ ਨੇ ਸਵਾਗਤ ਕਰਦਿਆਂ ਅਕਾਡਮੀ ਵਲੋਂ ਕੀਤੇ ਜਾਂਦੇ ਸਮਾਗਮਾ ਅਤੇ ਛਾਪੀਆਂ ਗਈਆਂ ਅਤੇ ਜਾ ਰਹੀਆਂ ਪੁਸਤਕਾਂ ਬਾਰੇ ਵਿਸਥਾਰ ਵਿੱਚ ਦੱਸਿਆ।ਇਸਦੇ ਨਾਲ ਹੀ ਇੱਕ ਪੁਸਤਕ ਇੱਕ ਸੰਵਾਦ ਦੀ ਲੰਮੀ ਲੜੀ ਦਾ ਵੀ ਜ਼ਿਕਰ ਕੀਤਾ।ਅਗਲੇ ਮਹੀਨੇ 21 ਨਵੰਬਰ ਤੋਂ 25 ਨਵੰਬਰ ਤੱਕ ਪੰਜਾਬੀ ਭਵਨ ਵਿੱਚ ਲਗਾਏ ਜਾ ਰਹੇ ਪੁਸਤਕ ਮੇਲੇ ਦਾ ਜ਼ਿਕਰ ਕੀਤਾ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸਮੁੱਚੀਆਂ ਸ਼ਖਸੀਅਤਾਂ ਬਾਰੇ ਅਤੇ ਇਸ ਬਾਮੌਕਾ ਸਮਾਗਮ ਬਾਰੇ ਟਿਪਣੀਆਂ ਕੀਤੀਆਂ।ਉਨ੍ਹਾਂ ਡਾ. ਸੁਖਦੇਵ ਸਿੰਘ ਸਿਰਸਾ, ਡਾ. ਗੁਰਇਕਬਾਲ ਪ੍ਰੋ. ਰਵਿੰਦਰ ਭੱਠਲ ਅਤੇ ਡਾ. ਹਰੀ ਸਿੰਗ ਜਾਚਕ ਦਾ ਸਮਾਗਮ ਦੀ ਤਿਆਰੀ ਵਿੱਚ ਸਹਿਯੋਗ ਦੇਣ ਲਈ ਵਿਸ਼ੇਸ਼ ਜ਼ਿਕਰ ਕੀਤਾ।ਸਨਮਾਨਿਤ ਸ਼ਖਸੀਅਤਾਂ ਬਾਰੇ ਨਿਮਨ ਵਿਦਵਾਨਾਂ ਨੇ ਵਿਸਤਰਿਤ ਪੇਪਰ ਪੇਸ਼ ਕੀਤੇ। ਜਿਨ੍ਹਾਂ ਵਿੱਚ ਡਾ. ਗੁਰਮੇਲ ਸਿੰਘ ਨੇ 'ਡਾ. ਸਾਧੂ ਸਿੰਘ ਦਾ ਆਲੋਚਨਾ ਦ੍ਰਿਸ਼ਟੀ' ਪੇਪਰ ਪੜਿਆ ਡਾ. ਹਰਵਿੰਦਰ ਸਿੰਘ ਸਿਰਸਾ ਨੇ ਡਾ. ਸਾਧੂ ਸਿੰਘ ਦਾ ਸ਼ੋਭਾ ਪੱਤਰ ਪੜ੍ਹਿਆ ਡਾ. ਸਾਧੂ ਸਿੰਘ ਨੂੰ "ਡਾ. ਰਵਿੰਦਰ ਸਿੰਘ ਰਵੀ ਪੁਰਸਕਾਰ" ਭੇਟ ਕੀਤਾ ਗਿਆ।ਡਾ. ਅਨੂਪ ਸਿੰਘ ਦਾ ਲਿਖਿਆ ਪੇਪਰ ਵਰਗਿਸ ਸਲਾਮਤ 'ਕਰਮਯੋਗੀ ਫ਼ੋਟੋ ਕਲਾਕਾਰ ਅਤੇ ਦਰਵੇਸ਼ ਸ਼ਾਇਰ: ਬਾਬਾ ਬਾਜਵਾ' ਨੇ ਪੇਪਰ ਪੜਿਆ।ਹਰੀ ਸਿੰਘ ਜਾਚਕ ਨੇ ਹਰਭਜਨ ਸਿੰਘ ਬਾਜਵਾ ਦਾ ਸ਼ੋਭਾ ਪੱਤਰ ਪੜਿਆ ਹਰਭਜਨ ਸਿੰਘ ਬਾਜਵਾ ਨੂੰ "ਮੱਲ ਸਿੰਘ ਰਾਮਪੁਰੀ ਪੁਰਸਕਾਰ" ਭੇਟ ਕੀਤਾ ਗਿਆ।ਭਗਵੰਤ ਰਸੂਲਪੁਰੀ ਨੇ 'ਬੇ-ਲਿਹਾਜ, ਸਿਰੜ ਤੇ ਪ੍ਰਤੀਬੱਧਤਾ ਦਾ ਨਾਂ 'ਜਤਿੰਦਰ ਪਨੂੰ' ਪੇਪਰ ਪੜ੍ਹਿਆ। ਡਾ. ਗੁਰਚਰਨ ਕੌਰ ਕੋਚਰ ਨੇ ਸ. ਜਤਿੰਦਰ ਪੰਨੂੰ ਦਾ ਸ਼ੋਭਾ ਪੇਪਰ ਪੜ੍ਹਿਆ ਸ. ਜਤਿੰਦਰ ਪੰਨੂੰ ਨੂੰ "ਜਗਜੀਤ ਸਿੰਘ ਆਨੰਦ ਪੁਰਸਕਾਰ" ਭੇਟ ਕੀਤਾ ਗਿਆ।ਡਾ. ਹੀਰਾ ਸਿੰਘ ਨੇ 'ਡਾ. ਧਰਮ ਸਿੰਘ ਇੱਕ ਸਿਰੜੀ ਖੋਜੀ' ਪੇਪਰ ਪੜ੍ਹਿਆ।ਸੁਰਿੰਦਰ ਕੈਲੇ ਨੇ ਡਾ. ਧਰਮ ਸਿੰਘ ਜੀ ਦਾ ਸ਼ੋਭਾ ਪੱਤਰ ਪੜ੍ਹਿਆ ਡਾ. ਧਰਮ ਸਿੰਘ ਨੂੰ "ਕਰਤਾਰ ਸਿੰਘ ਸ਼ਮਸ਼ੇਰ ਪੁਰਸਕਾਰ" ਭੇਟ ਕੀਤਾ ਗਿਆ। ਡਾ. ਸੁਰਜੀਤ ਜੀ ਨੇ 'ਚਿੱਤਰਕਾਰ ਸਿਧਾਰਥ ਜੀ ਜੀਵਨ ਯਾਤਰਾ ਅਤੇ ਕਲਾ ਸੰਚਾਰ' ਪੇਪਰ ਪੜ੍ਹਿਆ। ਕਰਮਜੀਤ ਗਰੇਵਾਲ ਨੇ ਸ੍ਰੀ ਸਿਧਾਰਥ ਦਾ ਸ਼ੋਭਾ ਪੱਤਰ ਪੜ੍ਹਿਆ ਸ੍ਰੀ ਸਿਧਾਰਥ ਨੂੰ "ਅੰਮ੍ਰਿਤਾ ਇਮਰੋਜ਼ ਪੁਰਸਕਾਰ" ਭੇਟ ਕੀਤਾ ਗਿਆ। ਡਾ. ਸੋਮਪਾਲ ਹੀਰਾ ਨੇ 'ਆਪਣੀਆ ਪਰੰਪਰਾਵਾ ਸਿਰਜਣ ਵਾਲਾ ਨਾਟਕਕਾਰ' ਪੇਪਰ ਪੜ੍ਹਿਆ।ਡਾ. ਗੁਰਇਕਬਾਲ ਸਿੰਘ ਨੇ ਡਾ. ਆਤਮਜੀਤ ਦਾ ਸ਼ੋਭਾ ਪੱਤਰ ਪੜ੍ਹਿਆ ਡਾ. ਆਤਮਜੀਤ ਨੂੰ "ਗੁਰਸ਼ਰਨ ਸਿੰਘ ਪੁਰਸਕਾਰ" ਭੇਟ ਕੀਤਾ ਗਿਆ। ਡਾ. ਪਰਮਜੀਤ ਸਿੰਘ ਨੇ 'ਡਾ. ਕੰਵਲਜੀਤ ਕੌਰ ਢਿੱਲੋਂ: ਇੱਕ ਬਹੁਪੱਖੀ ਪ੍ਰਤਿਭਾ' ਪੇਪਰ ਪੜ੍ਹਿਆ ਮਨਦੀਪ ਕੌਰ ਭੰਮਰਾ ਨੇ ਡਾ. ਕੰਵਲਜੀਤ ਢਿੱਲੋਂ ਦਾ ਸ਼ੋਭਾ ਪੱਤਰ ਪੜ੍ਹਿਆ ਡਾ. ਕੰਵਲਜੀਤ ਢਿੱਲੋਂ ਨੂੰ "ਪ੍ਰੋ. ਨਿਰਪਜੀਤ ਕੌਰ ਗਿੱਲ ਪੁਰਸਕਾਰ" ਭੇਟ ਕੀਤਾ ਗਿਆ।ਡਾ. ਗੁਰਮੁਖ ਸਿੰਘ ਨੇ ਜਸਬੀਰ ਮੰਡ ਬਾਰੇ ਪੇਪਰ ਪੜ੍ਹਿਆ। ਜਸਵੀਰ ਝੱਜ ਨੇ ਜਸਬੀਰ ਮੰਡ ਦਾ ਸ਼ੋਭਾ ਪੱਤਰ ਪੜ੍ਹਿਆ। ਜਸਬੀਰ ਮੰਡ ਨੂੰ "ਅਮੋਲ ਪ੍ਰਤਾਪ ਪੁਰਸਕਾਰ" ਭੇਟ ਕੀਤਾ ਗਿਆ। ਡਾ. ਅਰਵਿੰਦਰ ਕੌਰ ਕਾਕੜਾ ਦਾ ਲਿਖਿਆ ਪੇਪਰ ਹਰਵਿੰਦਰ ਸਿੰਘ ਸਿਰਸਾ 'ਨਾਰੀਵਾਦੀ ਚਿੰਤਨ ਨੇ ਸ਼ਾਇਰੀ ਦੀ ਬੇਬਾਕ ਆਵਾਜ਼ ਨੀਤੂ ਅਰੋੜਾ' ਨੇ ਪੇਪਰ ਪੜ੍ਹਿਆ। ਤ੍ਰੈਲੋਚਨ ਲੋਚੀ ਨੇ ਨੀਤੂ ਅਰੋੜਾ ਦਾ ਸ਼ੋਭਾ ਪੱਤਰ ਪੜ੍ਹਿਆ। ਨੀਤੂ ਅਰੋੜਾ ਨੂੰ "ਜਗਜੀਤ ਸਿੰਘ ਲਾਇਲਪੁਰੀ ਪੁਰਸਕਾਰ" ਭੇਟ ਕੀਤਾ ਗਿਆ।ਪ੍ਰਭਜੋਤ ਸੋਹੀ ਨੇ 'ਸੱਜਰੀ ਹਵਾ ਦਾ ਝੋਂਕਾ-ਮੀਤ ਅਨਮੋਲ' ਪੇਪਰ ਪੜ੍ਹਿਆ।ਰਾਜਦੀਪ ਤੂਰ ਨੇ ਮੀਤ ਅਨਮੋਲ ਜੀ ਦਾ ਪੇਪਰ ਪੜ੍ਹਿਆ।ਸ੍ਰੀ ਮੀਤ ਅਨਮੋਲ ਨੂੰ "ਡਾ. ਮੋਹਨਜੀਤ ਪੁਰਸਕਾਰ" ਭੇਟ ਕੀਤਾ ਗਿਆ। ਡਾ. ਜਗਵਿੰਦਰ ਜੋਧਾ ਦਾ ਲਿਖਿਆ ਪੇਪਰ 'ਨਵੀਂ ਪੰਜਾਬੀ ਗ਼ਜ਼ਲ ਦਾ ਵਿਲੱਖਣ ਅਧਿਆਇ ਤਾਂ ਸੁਪਨੇ ਕੀ ਹੋਣਗੇ' ਬਲਵਿੰਦਰ ਸਿੰਘ ਗਰੇਵਾਲ ਨੇ ਪੜ੍ਹਿਆ।ਵਰਗਿਸ ਸਲਾਮਤ ਨੇ ਰਮਨ ਸੰਧੂ ਦਾ ਸ਼ੋਭਾ ਪੱਤਰ ਪੜ੍ਹਿਆ। ਰਮਨ ਸੰਧੂ ਨੂੰ "ਕੁਲਵੰਤ ਜਗਰਾਉਂ ਪੁਰਸਕਾਰ" ਭੇਟ ਕੀਤਾ ਗਿਆ। ਡਾ. ਸ਼ਮਸ਼ੇਰ ਮੋਹੀ ਨੇ ਦੇਵ ਰਾਜ ਦਾਦਰ ਬਾਰੇ 'ਲਘੂ ਮਾਨਵ ਦੀ ਦੁਖਾਂਤਕ ਸਥਿਤੀ ਅਤੇ ਉਸਦੀ ਮੁਕਤੀ ਦੀ ਗ਼ਜ਼ਲਕਾਰੀ ਪੌਣ ਪਰਿੰਦੇ ਤੇ ਪਰਵਾਜ਼' ਪੇਪਰ ਪੜ੍ਹਿਆ। ਹਰੀ ਸਿੰਘ ਜਾਚਕ ਨੇ ਦੇਵ ਰਾਜ ਦਾਦਰ ਦਾ ਸ਼ੋਭਾ ਪੱਤਰ ਪੜ੍ਹਿਆ। ਦੇਵ ਰਾਜ ਦਾਦਰ ਨੂੰ "ਕੁਲਵੰਤ ਜਗਰਾਉਂ ਪੁਰਸਕਾਰ" ਭੇਟ ਕੀਤਾ ਗਿਆ। ਡਾ. ਸਾਧੂ ਸਿੰਘ ਨੇ ਧੰਨਵਾਦ ਕਰਦੇ ਕਿਹਾ ਕਿ ਜਿਸ ਪੰਜਾਬ ਵਿੱਚ ਬਹੁਤ ਵੱਡਾ ਦੁਖਾਂਤ ਵਾਪਰਿਆ, ਉਸ ਦੇ ਲਈ ਮਸ਼ਹੂਰ ਹੈ ਕਿ ਪੰਜਾਬ ਜਿਉਂਦਾ ਗੁਰਾਂ ਦੇ ਨਾਲ।ਜਿੱਥੇ ਕਤਲੋ ਗਾਰਤ ਹੋਈ ਹੋਵੇ, ਇਹ ਪੰਜਾਬ ਮੇਰਾ ਕਿਵੇਂ ਹੋ ਸਕਦਾ ਹੈ। ਡਾ. ਧਰਮ ਸਿੰਘ ਨੇ ਕਿਹਾ ਕਿ ਪੰਜਾਬੀ ਵਿਦਵਾਨਾਂ ਵਿੱਚ ਉਲਾਰ ਅਤੇ ਨਿਘਾਰ ਆ ਰਿਹਾ ਹੈ। ਡਾ. ਕੰਵਲਜੀਤ ਕੌਰ ਢਿੱਲੋਂ ਨੇ ਕਿਹਾ ਕਿ ਔਰਤਾਂ ਦੇ ਸਹੀ ਸਨਮਾਨ ਲਈ ਸਾਡਾ ਸਮਾਜ ਅਜੇ ਜਾਗਰੂਕ ਨਹੀਂ ਹੋਇਆ। ਜਤਿੰਦਰ ਪੰਨੂੰ ਨੇ ਕਿਹਾ ਕਿ ਪੰਜਾਬੀ ਬੋਲੀ, ਪੰਜਾਬੀ ਮਿੱਟੀ ਦਾ ਕਰਜ਼ਾ ਮੋੜਨਾ ਚਾਹੀਦਾ ਹੈ।ਸਨਮਾਨਿਤ ਸ਼ਖਸੀਅਤਾਂ ਨੇ ਪੰਜਾਬੀ ਸਾਹਿਤ ਅਕਾਡਮੀ ਦਾ ਧੰਨਵਾਦ ਕੀਤਾ। ਡਾ. ਸਰਦਾਰਾ ਸਿੰਘ ਜੌਹਲ ਨੇ ਅਕਾਡਮੀ ਨੂੰ ਇਹ ਸਮਾਗਮ ਦੀ ਵਧਾਈ ਦਿੰਦਿਆਂ ਕਿਹਾ ਕਿ ਰਚਨਾਤਮਿਕ ਪਰਿਵਰਤੀ ਲਈ ਡਿਗਰੀਆਂ ਦੀ ਲੋੜ ਨਹੀਂ ਹੁੰਦੀ।ਆਉਣ ਵਾਲਾ ਸਮਾਂ ਜਿਸ ਤਰ੍ਹਾਂ ਕੁੜੀਆਂ ਤਰੱਕੀ ਕਰ ਹਰੀਆਂ ਹਨ, ਔਰਤਾਂ ਦਾ ਹੋਵੇਗਾ। ਉਨ੍ਹਾਂ ਅਕਾਡਮੀ ਨੂੰ ਸਨਮਾਨਾਂ ਸੰਬੰਧੀ ਕੁੱਝ ਸੁਝਾਅ ਵੀ ਦਿੱਤੇ। ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਸਮੂਹ ਸਨਮਾਨਿਤ ਹਾਜ਼ਰੀਨ ਅਤੇ ਸਮੂਹ ਸ਼ਖਸੀਅਤਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਸੁਰਿੰਦਰ ਚਾਹਿਲ, ਪ੍ਰੋ. ਅਮਰਜੀਤ ਪਰਾਗ, ਪ੍ਰੋ. ਜਗਦੇਵ ਸਿੰਘ, ਸਤਬੀਰ ਰਾਮਪੁਰੀ, ਗੁਰਮੇਜ਼ ਭੱਟੀ, ਬਲਬੀਰ ਸਿੰਘ ਮਾਨ, ਅਮਰਿੰਦਰ ਸੋਹਲ, ਪ੍ਰਭਜੋਤ ਰਾਮਪੁਰ, ਸਵਰਨ ਪੱਲਾ, ਡਾ. ਸੋਮਾ ਸਬਲੋਕ, ਸੰਦੀਪ ਸਮਰਾਲਾ, ਕੇ.ਸਾਧੂ ਸਿੰਘ, ਤਰਲੋਚਨ ਝਾਂਡੇ, ਅਮਰਜੀਤ ਸ਼ੇਰਪੁਰੀ, ਜਤਿੰਦਰ ਹਾਂਸ, ਭਗਵਾਨ ਢਿੱਲੋਂ, ਇੰਦਰਜੀਤ ਪਾਲ ਕੌਰ, ਸੁਰਿੰਦਰ ਗਿੱਲ, ਬਲਵਿੰਦਰ ਸਿੰਘ ਜ਼ੀਰਖ, ਡੀ.ਪੀ.ਮੌੜ, ਇੰਦਰਜੀਤ ਕੌਰ ਲੋਟੇ, ਅਮਰੀਕ ਤਲਵੰਡੀ, ਜਗਪਾਲ ਜੱਗਾ ਆਦਿ ਹਾਜ਼ਰ ਸਨ।

Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

**ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ**




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

**ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।**

**+44 7878 456484**

**email:-Samajweekly@gmail.com**